# ਵਿਸ਼ਵਾਸ ਕਰਨ ਦੀ ਚੁਣੌਤੀ

ਲੂਕਾ 18 ਅਧਿਆਇ ਵਿਚ ਯਿਸੂ ਨੇ ਇਕ ਅਹਿਮ ਸਵਾਲ ਪੁੱਛਿਆ ਸੀਃ ''... ਜਦ ਮਨੁੱਖ ਦਾ ਪੁੱਤਰ ਆਵੇਗਾ ਤਦ ਕੀ ਉਹ ਧਰਤੀ ਉੱਤੇ ਨਿਹਚਾ ਪਾਵੇਗਾ'' (ਲੂਕਾ 18ਃ8)।

ਅੱਜ ਅਸੀਂ ਘਬਰਾਹਟ ਅਤੇ ਬੇਚੈਨੀ ਦੇ ਯੁੱਗ ਵਿਚ ਰਹਿੰਦੇ ਹਾਂ। ਅਖ਼ਬਾਰ, ਰੇਡੀਓ ਜਾਂ ਟੈਲੀਵਿਜ਼ਨ ਵਿੱਚੋਂ ਇਹੀ ਕੁਝ ਪੜ੍ਹਨ ਅਤੇ ਸੁਣਨ ਨੂੰ ਮਿਲਦਾ ਹੈ। ਦੁਨੀਆਂ ਭਰ ਵਿੱਚੋਂ ਸਾਨੂੰ ਦੰਗਿਆਂ ਅਤੇ ਬਗ਼ਾਵਤਾਂ ਦੀਆਂ ਖ਼ਬਰਾਂ ਮਿਲਦੀਆਂ ਹਨ। ਲਗਦਾ ਹੈ ਕਿ ਜਿਵੇਂ ਹਰ ਕਿਸੇ ਕੋਲ ਸਵਾਲ ਹੀ ਹੋਣ ਪਰ ਜਵਾਬ ਬਹੁਤ ਘੱਟ ਲੋਕਾਂ ਕੋਲ। ਆਮ ਤੌਰ ਤੇ ''ਪੁਰਾਣੇ'' ਨੂੰ ਲਾਹ ਕੇ ਸੁੱਟ ਦਿੱਤਾ ਜਾਂਦਾ ਹੈ, ਪਰ ਉਹਦੀ ਜਗ੍ਹਾ ਕੋਈ ਪੱਕਾ ਪ੍ਰਬੰਧ ਨਹੀਂ ਕੀਤਾ ਜਾਂਦਾ। ਜਿਸ ਨਾਲ ਬੜਾ ਭਾਰੀ ਖਾਲੀਪਨ ਪੈਦਾ ਹੋ ਜਾਂਦਾ ਹੈ।

ਅਜਿਹੇ ਯੁੱਗ ਵਿਚ, ਉਨ੍ਹਾਂ ਵਿਸ਼ਵਾਸਾਂ ਤੇ ਜੋ ਕਦੇ ਲੋਕਾਂ ਨੂੰ ਪਿਆਰੇ ਸਨ, ਅਤੇ ਉਨ੍ਹਾਂ ਦੇ ਆਪਣੇ ਵਿਸ਼ਵਾਸ ਤੇ ਵੀ ਹਮਲਾ ਹੋਣਾ ਲਾਜ਼ਮੀ ਹੈ। ਅਸੀਂ *ਪ੍ਰਮੇਸ਼ਵਰ* ਵਿਚ ਵਿਸ਼ਵਾਸ ਤੇ ਸਿੱਧੇ ਹਮਲੇ ਹੁੰਦੇ ਵੇਖੇ ਹਨ। ਇਨਸਾਨ ਉੱਥੇ ਆ ਪਹੁੰਚਿਆ ਹੈ ਜਿੱਥੇ ਜ਼ਿਆਦਾਤਰ ਲੋਕਾਂ ਨੂੰ ਰੱਬ ਦੀ ਲੋੜ ਲਗਦੀ ਹੀ ਨਹੀਂ ਹੈ। ਉਦਾਹਰਣ ਲਈ, ਇਕ ਮਰਦਮਸ਼ੁਮਾਰੀ ਵਿਚ, *ਨਾਸਤਿਕਤਾ* ਨੂੰ ''ਆਸਟ੍ਰੇਲੀਆ ਵਿਚ ਸਭ ਤੋਂ ਤੇਜ਼ੀ ਨਾਲ ਵਧਣ ਵਾਲਾ'' ਦੱਸਿਆ ਗਿਆ ਹੈ।

ਬਾਈਬਲ ਵਿਚ ਵਿਸ਼ਵਾਸ ਤੇ ਹਮਲੇ ਹੁੰਦੇ ਰਹੇ ਹਨ। ਅਲੋਚਨਾ ਕਰਨ ਵਾਲਿਆਂ ਦੇ ਆਧੁਨਿਕ ਅਦਾਰੇ ਬਾਈਬਲ ਨੂੰ ਛਾਂਟਦੇ ਰਹਿੰਦੇ ਹਨ ਕਿ ਉਸ ਵਿੱਚੋਂ ਕੁਝ ਨਾ ਕੁਝ ਕੱਢ ਦੇਣ। ਉਹ ਇਲਹਾਮ (ਪ੍ਰਕਾਸ਼) ਦੀ ਧਾਰਣਾ ਦਾ ਮਜ਼ਾਕ ਉਡਾਉਂਦੇ ਹਨ।

ਯਿਸੂ ਦੇ ਪ੍ਰਮੇਸ਼ਵਰ ਹੋਣ ਤੇ ਵੀ ਹਮਲੇ ਹੁੰਦੇ ਰਹਿੰਦੇ ਹਨ। ਇਹ ਕੁਝ ਜ਼ਿਆਦਾ ਚਲਾਕੀ ਭਰੇ ਹਨ, ਕਿਉਂਕਿ ਬਹੁਤ ਸਾਰੇ ਲੋਕ ਯਿਸੂ ਦੀ ਤਰੀਫ਼ ਸੁਪਰ-ਨਬੀ, ਸੁਪਰ-ਗੁਰੂ, ਸੁਪਰ-ਇਨਸਾਨ, ਜਾਂ ਸੁਪਰ-ਸਟਾਰ ਦੇ ਰੂਪ ਵਿਚ ਹੀ ਕਰਦੇ ਹਨ। ਐਨਾ ਕੁਝ ਕਰਨ ਦੇ ਬਾਵਜੂਦ ਅਜਿਹੇ ਵਿਚਾਰ ਰੱਖਣ ਵਾਲੇ ਲੋਕ ਯਿਸੂ ਨੂੰ ਜਿਹਦੇ ਕਦਮਾਂ ਵਿਚ ਹਰ ਗੋਡਾ ਨਿਵਾਇਆ ਜਾਣਾ ਹੈ, ਜੀਵਨ ਦੇ ਕਰਤਾ ਦੇ ਰੂਪ ਵਿਚ ਕਬੂਲ ਨਹੀਂ ਕਰਦੇ।

ਇਹ ਸੰਦੇਹਵਾਦ ਸਹੀ ਜਾਂ ਗ਼ਲਤ ਦੇ ਕਿਸੇ ਮਾਪਦੰਡ ਤੇ ਹਮਲਾ ਹੈ। ਲੋਕ ''ਹਲਾਤ ਮੁਤਾਬਕ ਢਲ'' ਗਏ ਹਨ। ਸਹੀ ਜਾਂ ਗਲਤ ਦੇ ਵਿਸ਼ਿਆਂ ਤੇ ਅਸੀਂ ਪ੍ਰਮੇਸ਼ਵਰ, ਬਾਈਬਲ ਜਾਂ ਮਸੀਹ ਦੇ ਫ਼ੈਸਲਿਆਂ ਤੇ ਨਿਰਭਰ ਨਹੀਂ ਹਾਂ। ਇਨਸਾਨ ਨੇ ਆਪਣੇ ਆਪ ਨੂੰ ਨਿਆਂ ਕਰਨ ਵਾਲਾ ਬਣਾ ਲਿਆ ਹੈ ਅਤੇ ਉਹਦਾ ''ਕਾਨੂੰਨ'' ਸਿਰਫ਼ ''ਪਿਆਰ ਦਾ ਕਾਨੂੰਨ'' ਹੈ।

ਫਿਰ, ਇਸ ਯੁੱਗ ਵਿਚ ਮਸੀਹ ਦੀ ਗੱਲ ਕਿੰਨੀ ਢੁਕਵੀਂ ਹੈ! ''ਜਦ ਮਨੁੱਖ ਦਾ ਪੁੱਤਰ ਆਵੇਗਾ ਤਦ ਕੀ ਉਹ ਧਰਤੀ ਉੱਤੇ ਨਿਹਚਾ ਪਾਵੇਗਾ?'' (ਲੂਕਾ 18ਃ8ਅ)।

ਇਸ ਪਾਠ ਵਿਚ ਅਸੀਂ ਇਕ ਅਹਿਮ ਸਵਾਲ ਪੁੱਛਣਾ ਚਾਹੁੰਦੇ ਹਾਂਃ ''ਭਲਾ ਇੱਕੀਵੀਂ ਸਦੀ ਵਿਚ, ਪ੍ਰਮੇਸ਼ਵਰ, ਮਸੀਹ ਅਤੇ ਬਾਈਬਲ ਵਿਚ ਵਿਸ਼ਵਾਸ ਰੱਖਿਆ ਜਾ ਸਕਦਾ ਹੈ?''

ਮੇਰਾ ਮਕਸਦ ਇਸ ਗੱਲ ਦੀ ਪੁਸ਼ਟੀ ਕਰਨਾ ਹੈ ਕਿ ਵਿਸ਼ਵਾਸ ਪੁਰਾਣਾ ਨਹੀਂ ਪਿਆ ਹੈ, ਭਾਵ ਅੱਜ ਇੱਕੀਵੀਂ ਸਦੀ ਵਿਚ ਵੀ ਬਾਈਬਲ ਦੀਆਂ ਸਿੱਖਿਆਵਾਂ ਵਿਚ ਵਿਸ਼ਵਾਸ ਕੀਤਾ ਜਾ ਸਕਦਾ ਹੈ।

ਇਸ ਨੂੰ ਕਈ ਤਰ੍ਹਾਂ ਨਾਲ ਵਿਖਾਇਆ ਜਾ ਸਕਦਾ ਸੀ, ਪਰ ਇਹ ਸੁਝਾਅ ਦੇਣ ਲਈ ਕਿ ਇੱਕੀਵੀਂ ਸਦੀ ਵਿਚ ਵਿਸ਼ਵਾਸ ਕਰਨਾ *ਤਰਕਸੰਗਤ ਹੈ,* ਮੈਂ ਤੁਹਾਡਾ ਮਾਰਗ ਦਰਸ਼ਣ ਵਿਚਾਰ ਦੀ ਇਕ ਰੇਖਾ ਨਾਲ ਕਰਨਾ ਚਾਹੁੰਦਾ ਹਾਂ। ਸੱਚਾਈ ਨੂੰ ਮੁਕੰਮਲ ਤੌਰ ਤੇ ਸਿਰਫ਼ ਤਰਕ ਨਾਲ ਨਹੀਂ ਜਾਣਿਆ ਜਾ ਸਕਦਾ, ਅਤੇ ਕਿਸੇ ਦੇ ਮਸੀਹੀ ਬਣਨ ਤੇ ਪ੍ਰਮੇਸ਼ਵਰ ਉਸ ਤੋਂ ਇਹ ਉਮੀਦ ਨਹੀਂ ਰੱਖਦਾ ਕਿ ਉਹ ਆਪਣੇ ਦਿਮਾਗ਼ ਨੂੰ ਪਿੱਛੇ ਛੱਡ ਦੇਵੇ।

ਸਾਡਾ ਅਧਿਐਨ ਇਕ ਜ਼ੰਜੀਰ ਵਾਂਗ, ਇਕ ਦੂਜੇ ਨਾਲ ਜੁੜੇ ਕੁੰਡਿਆਂ ਵਾਂਗ ਹੋਵੇਗਾ। ਅਧਿਐਨ ਖ਼ਤਮ ਕਰਨ ਤੋਂ ਬਾਅਦ, ਤੁਸੀਂ ਪਿੱਛੇ ਮੁੜ ਕੇ ਉਨ੍ਹਾਂ ਸਪਸ਼ਟ ਦੱਸਿਆਂ ਕੁੰਡਿਆਂ ਨੂੰ ਵੇਖ ਕੇ ਆਪਣੇ ਵਿਸ਼ਵਾਸ ਨੂੰ ਪਰਖ ਸਕਦੇ ਹੋ। ਹੋ ਸਕਦਾ ਹੈ ਕਿ ਵਿਚ ਕਿਤੇ ਤੁਸੀਂ ਕਹੋ, ''ਮੈਂ ਇੱਥੋਂ ਤਕ ਹੀ ਜਾ ਸਕਦਾ ਹਾਂ, ਇਸ ਤੋਂ ਅੱਗੇ ਹੋਰ ਨਹੀਂ।'' ਤੁਹਾਡੇ ''ਵਿਸ਼ਵਾਸ ਦੇ ਭਾਗ ਫਲ'' ਤੇ ਤੁਹਾਡਾ ਧਿਆਨ ਦੁਆਇਆ ਗਿਆ ਹੋਵੇਗਾ। ਤੁਸੀਂ ਉਸ ਆਦਮੀ ਨਾਲ ਗੱਲ ਕਰੋ ਜਿਸ ਨੇ ਤੁਹਾਨੂੰ ਇਹ ਕਿਤਾਬ ਦਿੱਤੀ ਸੀ। ਇਸ ਨਾਲ ਤੁਹਾਨੂੰ ਹੋਰ ਅਧਿਐਨ ਕਰਨ ਲਈ ਹਮਾਇਤ ਮਿਲ ਜਾਵੇਗੀ।

ਆਓ, ਆਪਣੇ ਵਿਸ਼ੇ ਵੱਲ ਮੁੜਦੇ ਹਾਂ। ਅਸੀਂ ਬਹੁਤ ਸਾਰੇ ਵਿਚਾਰਾਂ ਦੀ ਸਿਰਫ਼ ਭੂਮਿਕਾ ਹੀ ਦੇ ਸਕਦੇ ਹਾਂ, ਪਰ ਉਮੀਦ ਹੈ ਕਿ ਇਸ ਨਾਲ ਵੀ ਕਾਫ਼ੀ ਮਦਦ ਮਿਲੇਗੀ।


## ਇਹ ਵਿਸ਼ਵਾਸ ਕਰਨਾ ਤਰਕਸੰਗਤ ਹੈ ਕਿ ਪ੍ਰਮੇਸ਼ਵਰ ਹੈ

ਜ਼ਬੂਰਾਂ ਦੀ ਪੋਥੀ 14:1ੳ ਵਿਚ ਕਿਹਾ ਗਿਆ ਹੈ, ''*ਮੂਰਖ* ਨੇ ਆਪਣੇ ਮਨ ਵਿਚ ਆਖਿਆ ਹੈ ਕਿ ਪ੍ਰਮੇਸ਼ਵਰ ਹੈ ਹੀ ਨਹੀਂ।'' (ਜ਼ਬੂਰ 53:1 ਵੀ ਵੇਖੋ।) ਲੇਖਕ ਇੱਥੇ ਸਮਝ ਦੀ ਘਾਟ ਦੀ ਗੱਲ ਨਹੀਂ ਕਰ ਰਿਹਾ ਸੀ, ਸਗੋਂ ਉਹ ਕਿਸੇ ਅਜਿਹੇ ਮਨੁੱਖ ਦੀ ਮੂਰਖਤਾ ਦੀ ਗੱਲ ਕਰ ਰਿਹਾ ਸੀ ਜੋ ਆਪਣੇ ਆਲੇ ਦੁਆਲੇ ਗਵਾਹੀ ਦੇ ਐਨੇ ਵੱਡੇ ਸਬੂਤਾਂ ਨੂੰ ਵੇਖਣ ਲਈ ਆਪਣੀਆਂ ਅੱਖਾਂ ਨਹੀਂ ਖੋਲ੍ਹਦਾ।

ਜ਼ਬੂਰਾਂ ਦੀ ਪੋਥੀ 19:1 ਵਿਚ ਕਿਹਾ ਗਿਆ ਹੈ, ''ਅਕਾਸ਼ ਪ੍ਰਮੇਸ਼ਵਰ ਦੀ ਮਹਿਮਾ ਦਾ ਵਰਣਨ ਕਰਦੇ ਹਨ ਅਤੇ ਅੰਬਰ ਉਸ ਦੀ ਦਸਤਕਾਰੀ ਵਿਖਾਲਦਾ ਹੈ।'' ਰੋਮੀਆਂ 1:20 ਵਿਚ ਲਿਖਿਆ ਹੈ, ''ਕਿਉਂਕਿ ਜਗਤ ਦੇ ਉਤਪਤ ਹੋਣ ਤੋਂ ਉਹ [ਪ੍ਰਮੇਸ਼ਵਰ] ਦਾ ਅਣਡਿੱਠ ਸੁਭਾਉ ਅਰਥਾਤ ਉਹਦੀ ਅਨਾਦੀ ਸਮਰੱਥਾ ਅਤੇ ਈਸ਼ੁਰਤਾਈ ਉਹ ਦੀ ਰਚਨਾ ਤੋਂ ਚੰਗੀ ਤਰ੍ਹਾਂ ਦਿਸ ਪੈਂਦੀ ਹੈ। ਇਸ ਕਰਕੇ ਉਨ੍ਹਾਂ ਦੇ ਲਈ ਕੋਈ ਉਜ਼ਰ ਨਹੀਂ।''

ਬਚਪਨ ਵਿਚ ਸੁਣਦੇ ਹੁੰਦੇ ਸਾਂ ਕਿ ਬੁਲਾਰੇ ਆਮ ਤੌਰ ਤੇ ਸਿੱਧੀਆਂ ਜਿਹੀਆਂ ਉਦਾਹਰਣਾਂ ਦਿੰਦੇ ਹਨ। ਉਹ ਆਪਣੀਆਂ ਘੜੀਆਂ ਲਾਹ ਕੇ ਉਨ੍ਹਾਂ ਨੂੰ ਵਿਖਾਉਂਦੇ, ਦੱਸਦੇ ਸਨ ਕਿ ਜਿਵੇਂ ਘੜੀ ਕਿਸੇ ਘੜੀਸਾਜ਼ ਦੇ ਹੋਣ ਦਾ ਐਲਾਨ ਕਰਦੀ ਹੈ, ਓਸੇ ਤਰ੍ਹਾਂ ਸੰਸਾਰ ਆਪਣੇ ਬਣਾਉਣ ਵਾਲੇ ਦਾ ਐਲਾਨ ਕਰਦਾ ਹੈ। ਇਸ ਉਦਾਹਰਣ ਦੀ ਵਰਤੋਂ ਐਨੀ ਵਾਰ ਹੋਈ ਹੈ ਕਿ ਇਹ ਘਸੀ-ਪਿਟੀ ਲਗਦੀ ਹੈ, ਪਰ ਇਹਦਾ ਅਰਥ ਉਸ ਨਾਲੋਂ ਕਿਤੇ ਗਹਿਰਾ ਹੈ ਜਿੰਨਾਂ ਲਗਦਾ ਨਹੀਂ।

ਪ੍ਰਮੇਸ਼ਵਰ ਦੀ ਹੋਂਦ ਤੇ ਇਕ ਲੰਮਾ ਜਿਹਾ ਤਰਕ ਤਿਆਰ ਕਰਨਾ ਹੋਵੇ ਤਾਂ ਮੈ ਇਕ ਪਿਰਾਮਿਡ ਦੀਆਂ ਤਿੰਨ ਮੰਜ਼ਿਲਾਂ ਬਣਾ ਕੇ ਸ਼ੁਰੂਆਤ ਕਰਾਂਗਾ। ਜ਼ਮੀਨੀ ਤਲ ਨੂੰ (1) ਹੋਂਦ ਦਾ ਨਾਂ ਦਿਆਂਗਾ। ਉਹਦੇ ਉੱਪਰਲੀ ਮੰਜ਼ਿਲ (2) ਤਰਤੀਬ ਅਤੇ ਸਭ ਤੋਂ ਉੱਪਰਲੀ ਮੰਜ਼ਿਲ (3) ਡਿਜ਼ਾਈਨ ਜਾਂ ਉਦੇਸ਼ ਹੋਵੇਗਾ:




ਘੜੀ ਦੀ ਉਦਾਹਰਣ ਵਰਤਦਿਆਂ ਮੈਂ ਹਰ ਮੰਜ਼ਿਲ ਬਾਰੇ ਸੰਖੇਪ ਵਿਚ ਦੱਸਾਂਗਾ:

*ਹੋਂਦ:* ਘੜੀ ਦੀ ਹੋਂਦ ਹੈ। ਇਹਦਾ ਵਜੂਦ ਇਕ ਹਕੀਕਤ ਹੈ। ਇਹ ਕਿਸੇ ਨਾ ਕਿਸੇ ਤਰ੍ਹਾਂ ਹੋਂਦ ਵਿਚ ਆਈ।

*ਤਰਤੀਬ:* ਨਾ ਸਿਰਫ਼ ਘੜੀ ਦਾ ਵਜੂਦ ਹੀ ਹੈ ਸਗੋਂ ਇਹ ਬੜੇ ਤਰਤੀਬ ਬੱਧ ਢੰਗ ਨਾਲ ਕੰਮ ਵੀ ਕਰਦੀ ਹੈ। ਇਹ ਵੱਖ ਵੱਖ ਦੰਦਿਆਂ, ਪਹੀਆਂ, ਸਪ੍ਰਿੰਗਾਂ ਅਤੇ ਹੋਰ ਪੁਰਜ਼ਿਆਂ ਨੂੰ ਮਿਲਾ ਕੇ ਬਣੀ ਹੈ, ਜਿਨ੍ਹਾਂ ਨੂੰ ਇੰਜ ਤਰਤੀਬਬੱਧ ਕੀਤਾ ਗਿਆ ਹੈ ਕਿ ਉਹ ਸਭ ਮਿਲ ਕੇ ਇਕ ਇਕਾਈ ਦੇ ਰੂਪ ਵਿਚ ਕੰਮ ਕਰ ਸਕਣ। ਜਦ ਤਕ ਸਾਰੇ ਪੁਰਜ਼ੇ ਸਹੀ-ਸਹੀ ਕੰਮ ਕਰਦੇ ਹਨ, ਤਦ ਤਕ ਇਹ ਘੜੀ ਸਹੀ ਢੰਗ ਨਾਲ ਅਤੇ ਇਕ ਲੈਅ ਵਿਚ ਕੰਮ ਕਰਦੀ ਹੈ।

*ਡਿਜ਼ਾਈਨ:* ਨਾ ਸਿਰਫ਼ ਇਹ ਘੜੀ ਚੰਗੀ ਤਰ੍ਹਾਂ ਕੰਮ ਹੀ ਕਰਦੀ ਹੈ ਸਗੋਂ ਅਜਿਹਾ ਕਰਦਿਆਂ ਇਕ ਮਕਸਦ ਨੂੰ ਵੀ ਪੂਰਾ ਕਰਦੀ ਹੈ। ਜਿਹਨੇ ਵੀ ਇਸ ਨੂੰ ਬਣਾਇਆ ਹੈ ਉਹਦੇ ਮਨ ਵਿਚ ਇਕ ਸਪਸ਼ਟ ਕੰਮ ਸੀ ਅਤੇ ਇਹ ਬਹੁਤਾ ਕਰਕੇ ਓਸੇ ਮਕਸਦ ਨੂੰ ਪੂਰਾ ਕਰਦੀ ਹੈ ਭਾਵ ਇਹ ਸਮਾਂ ਦੱਸਦੀ ਹੈ।

ਇਸੇ ਤਰ੍ਹਾਂ, ਇਸ ਸੰਸਾਰ ਨੂੰ ਵੇਖਣ ਤੇ ਇਹਦੇ ਬਣਾਉਣ ਵਾਲੇ ਤੇ ਵਿਸ਼ਵਾਸ ਕਰਨ ਲਈ ਤਰਕ ਦੀਆਂ ਤਿੰਨ ਮੁੱਖ ਗੱਲਾਂ ਇਹ ਹਨ: (1) ਸ੍ਰਿਸ਼ਟੀ ਦਾ *ਵਜੂਦ* ਹੈ। (2) ਅਤੇ, ਇਹ ਇਕ *ਠਹਿਰਾਏ* ਹੋਏ ਢੰਗ ਨਾਲ ਕੰਮ ਕਰਦੀ ਹੈ; ਘੜੀਆਂ ਪ੍ਰਮੇਸ਼ਵਰ ਦੇ ਵਿਸ਼ਾਲ ਅਸਮਾਨੀ ਟਾਈਮਪੀਸਾਂ ਨਾਲ ਠੀਕ ਕੰਮ ਕਰਦੀਆਂ ਹਨ। (3) ਘਾਹ ਦੀ ਹਰ ਪੱਤੀ ਵਿਚ, ਹਰ ਰੁੱਖ ਵਿਚ *ਡਿਜ਼ਾਈਨ* (ਉਦੇਸ਼) ਮਿਲਦਾ ਹੈ।

ਪ੍ਰਮੇਸ਼ਵਰ ਦੀ ਹੋਂਦ ਦੇ ਵਿਰੋਧ 'ਚ ਅਸਲ ਵਿਚ ਉੱਪਰਲੀਆਂ ਦੋ ਮੰਜ਼ਿਲਾਂ, ਤਰਤੀਬ ਅਤੇ ਡਿਜ਼ਾਈਨ ਦੇ ਵਿੱਰੁਧ ਹਨ। ਪਰਲੋ, ਤੂਫ਼ਾਨਾਂ, ਭੁਚਾਲਾਂ, ਜਾਂ ਸ਼ਾਇਦ ਆਪਣੀ ਜ਼ਿੰਦਗੀ ਦੇ ਨਿੱਜੀ ਦੁਖਾਂਤਾਂ ਵੱਲ ਧਿਆਨ ਦੁਆ ਕੇ ਕੋਈ ਇਹ ਨਿਚੋੜ ਕੱਢ ਸਕਦਾ ਹੈ ਕਿ ਰੱਬ ਹੈ ਹੀ ਨਹੀਂ। ਪਰ, ਜ਼ਰੂਰੀ ਨਹੀਂ ਹੈ ਕਿ ਅਜਿਹਾ ਹੀ ਹੋਵੇ।[1]

ਸਮਾਂ ਸਾਨੂੰ ਵਿਚਾਰਾਂ ਦੀ ਹਰ ਗੱਲ ਦੀ ਗਹਿਰਾਈ ਨਾਲ ਘੋਖ ਕਰਨ ਦੀ ਇਜਾਜ਼ਤ ਨਹੀਂ ਦਿੰਦਾ ਇਸ ਲਈ ਅਸੀਂ ਪਿਰਾਮਿਡ ਦੇ ਅਧਾਰ, *ਵਜੂਦ* ਤੇ ਹੀ ਧਿਆਨ ਦਿਆਂਗੇ।

ਆਓ ਘੜੀ ਦੀ ਉਦਾਹਰਣ ਵੱਲ ਵਾਪਸ ਆਉਂਦੇ ਹਾਂ। ਜੇ ਤੁਹਾਨੂੰ ਰਾਹ ਵਿਚ ਕੋਈ ਖ਼ਰਾਬ ਘੜੀ ਪਈ ਹੋਈ ਮਿਲ ਜਾਵੇ? ਕਲਪਨਾ ਕਰੋ ਕਿ ਇਹ ਘੜੀ ਰੁਕ ਗਈ ਹੈ ਜਾਂ ਸ਼ਾਇਦ ਇਹ ਬਹੁਤ ਤੇਜ਼ ਚੱਲਣ ਲਗ ਪਈ ਹੈ। ਇਹ ਸਹੀ ਸਮਾਂ ਨਹੀਂ ਦਿੰਦੀ; ਸ਼ਾਇਦ ਚੱਲਣੀ ਬੰਦ

ਹੋ ਗਈ ਹੈ। *ਭਲਾ ਇਹਦਾ ਮਤਲਬ ਇਹ ਹੈ ਕਿ ਇਹਨੂੰ ਕਿਸੇ ਨੇ ਬਣਾਇਆ ਹੀ ਨਹੀਂ ਹੈ?* ਨਹੀਂ, ਸਬੂਤ ਅਜੇ ਵੀ ਸਾਫ਼ ਹੈ, ਖ਼ਰਾਬ ਹੋਣ ਦੇ ਬਾਵਜੂਦ ਇਸ ਘੜੀ ਦਾ ਵਜੂਦ ਹੈ।

ਜੇ ਇਹਦਾ ਵਜੂਦ ਹੈ ਤਾਂ ਫਿਰ ਇਹ ਆਈ ਕਿੱਥੋਂ?

ਕਿਹਾ ਜਾਂਦਾ ਹੈ ਕਿ ਵਜੂਦ ਜਾਂ ਹੋਂਦ ਦੋ ਹੀ ਤਰ੍ਹਾਂ ਦਾ ਹੋ ਸਕਦਾ ਹੈ, ਜਾਂ ਮਨ ਨਾਲ ਜਾਂ ਪਦਾਰਥ ਨਾਲ। ਸਿਫ਼ਰ ਤੋਂ ਕਦੇ ਕੁਝ ਨਹੀਂ ਨਿੱਕਲ ਸਕਦਾ ਇਸ ਲਈ ਜ਼ਰੂਰ ਹੀ ਇਨ੍ਹਾਂ ਵਿੱਚੋਂ ਇਕ ਅਨਾਦੀ ਸੀ ਜਿਸ ਨੇ ਦੂਜੇ ਨੂੰ ਰਚਿਆ। ਜਾਂ ਤਾਂ ਮਨ ਦੀ ਹੋਂਦ ਹਮੇਸ਼ਾ ਤੋਂ ਹੈ ਅਤੇ ਉਹਨੇ ਪਦਾਰਥ ਨੂੰ ਬਣਾਇਆ ਜਾਂ ਪਦਾਰਥ ਹਮੇਸ਼ਾ ਤੋਂ ਹੈ ਅਤੇ ਉਹਨੇ ਮਨ ਦੀ ਰਚਨਾ ਕੀਤੀ। ਕਿਉਂਕਿ ਇਹ ਤਾਂ ਮੰਨਣ ਵਿਚ ਆ ਹੀ ਨਹੀਂ ਸਕਦਾ ਕਿ ਬੇਜਾਨ, ਵਿਚਾਰਹੀਨ, ਨਿਰਨੈਤਿਕ ਪਦਾਰਥ ਕਿਸੇ ਜੀਉਂਦੇ, ਵਿਚਾਰਵਾਨ, ਜਜ਼ਬਾਤੀ ਮਨ ਨੂੰ ਨੈਤਿਕ ਵਿਵੇਕ ਵਾਲਾ ਬਣਾ ਸਕੇ। ਫਿਰ ਜ਼ਰੂਰ ਹੀ ਇਹਦੇ ਉਲਟ ਹੋਇਆ ਹੋਵੇਗਾ ਭਾਵ ਅਨਾਦੀ ਮਨ ਨੇ ਹੀ ਪਦਾਰਥ ਨੂੰ ਰਚਿਆ।

ਮੇਰੇ ਦੋਸਤ ਜਿਮ ਵਾਲਡਰ ਨੇ ਇਸ ਨੂੰ ਇਸ ਤਰ੍ਹਾਂ ਸਮਝਾਇਆ ਹੈ। ਉਹ ਪਾਕਿਸਤਾਨ ਜਾਣ ਵਾਲੇ ਇਕ ਜਹਾਜ਼ ਵਿਚ ਬੈਠਾ ਹੋਇਆ ਸੀ ਅਤੇ ਉਹਦੇ ਨਾਲ ਇਕ ਰੂਸੀ ਆਦਮੀ ਸੀ। ਉਹ ਵਿਚਾਰ ਵਟਾਂਦਰਾ ਕਰਨ ਲੱਗੇ ਅਤੇ ਛੇਤੀ ਹੀ ਉਨ੍ਹਾਂ ਦੀ ਗੱਲਬਾਤ ਧਾਰਮਿਕ ਵਿਸ਼ਿਆਂ ਵਿਚ ਬਦਲ ਗਈ। ਰੂਸੀ ਆਦਮੀ ਨੂੰ ਇਹ ਯਕੀਨ ਨਹੀਂ ਸੀ ਕਿ ਪ੍ਰਮੇਸ਼ਵਰ ਨੇ ਇਸ ਸੰਸਾਰ ਨੂੰ ਬਣਾਇਆ ਹੈ। ਅਖ਼ੀਰ, ਜਿਮ ਨੇ ਉਹਨੂੰ ਪੁੱਛਿਆ, ''ਰੂਸ ਵਿਚ ਭਲਾ ਛੋਟੇ ਬੱਚੇ ਮਿੱਟੀ ਦੇ ਖਿਡੌਣੇ ਬਣਾਉਂਦੇ ਹਨ?'' ਉਹ ਆਦਮੀ ਮੁਸਕੁਰਾਇਆ ਅਤੇ ਉਹਨੇ ਮੰਨਿਆ ਕਿ ਰੂਸ ਵਿਚ ਵੀ ਛੋਟੇ ਬੱਚੇ ਮਿੱਟੀ ਦੇ ਖਿਡੌਣੇ ਬਣਾਉਂਦੇ ਹਨ।

ਜਿਮ ਨੇ ਕਿਹਾ, ''ਇਹ ਤਾਂ ਬੜੀ ਦਿਲਚਸਪ ਗੱਲ ਹੈ। ਦੁਨੀਆਂ ਦੇ ਜਿਸ ਹਿੱਸੇ 'ਚੋਂ ਮੈਂ ਆਇਆਂ ਹਾਂ, ਉੱਥੇ ਵੀ ਬੱਚੇ ਮਿੱਟੀ ਦੇ ਖਿਡੌਣੇ ਬਣਾਉਂਦੇ ਹਨ। ਅਸਲ 'ਚ ਦੁਨੀਆਂ ਵਿਚ ਜਿੱਥੇ ਵੀ ਮੈਂ ਗਿਆ ਹਾਂ, ਹਰ ਥਾਂ ਬੱਚੇ ਮਿੱਟੀ ਦੇ ਖਿਡੌਣੇ ਬਣਾਉਂਦੇ ਹਨ। ਪਰ ਇਕ ਚੀਜ਼ ਮੈਂ ਕਿਤੇ ਨਹੀਂ ਵੇਖੀ: *ਮੈਂ ਮਿੱਟੀ ਦੇ ਕਿਸੇ ਖਿਡੌਣੇ ਨੂੰ ਛੋਟਾ ਬੱਚਾ ਬਣਾਉਂਦਿਆਂ ਕਦੇ ਨਹੀਂ ਵੇਖਿਆ।''*

ਗੱਲ-ਬਾਤ ਇਕਦਮ ''ਮਨ'' ਅਤੇ ''ਪਦਾਰਥ'' ਦੇ ਵਿਸ਼ੇ ਤੇ ਆ ਗਈ। ਮਨ ਵਿਚ ਪਦਾਰਥ ਨੂੰ ਚਲਾਉਣ ਅਤੇ ਉਸ ਦੀ ਵਰਤੋਂ ਕਰਨ ਦੀ ਯੋਗਤਾ ਹੈ, ਪਰ ਪਦਾਰਥ ਵਿਚ ਮਨ ਨੂੰ ਚਲਾਉਣ ਦੀ ਯੋਗਤਾ ਨਹੀਂ ਹੋ ਸਕਦੀ। ਜਿਮ ਨੇ ਮੁਸਕੁਰਾਉਂਦੇ ਹੋਏ ਨਿਚੋੜ ਕੱਢਿਆ, ''ਨਿੱਜੀ ਤੌਰ ਤੇ ਮਿੱਟੀ ਦੇ ਖਿਡੌਣਿਆਂ ਵੱਲੋਂ ਬੱਚਿਆਂ ਨੂੰ ਬਣਾਉਣ ਨਾਲੋਂ ਕਿਤੇ ਵੱਧ ਅਸਾਨ ਇਹ ਵਿਸ਼ਵਾਸ ਕਰਨਾ ਲਗਦਾ ਹੈ ਕਿ ਬੱਚੇ ਮਿੱਟੀ ਦੇ ਖਿਡੌਣੇ ਬਣਾਉਂਦੇ ਹਨ।''

ਕਿਉਂਕਿ ਕੁਝ ਹੈ ਜੋ ਹਮੇਸ਼ਾ ਤੋਂ ਹੈ, ਅਤੇ ਉਹ ਸਿਫ਼ਰ 'ਚੋਂ ਨਿੱਕਲਿਆ ਨਹੀਂ ਹੋ ਸਕਦਾ। ਭਲਾ ਇਹ ਦੁਨੀਆਂ ਹਮੇਸ਼ਾ ਤੋਂ ਸੀ ਜਾਂ ਕਿਸੇ ਨੇ ਇਸ ਨੂੰ ਬਣਾਇਆ ਹੋਵੇਗਾ?

ਕੁਝ ਸਾਲ ਪਹਿਲਾਂ ਵੱਖ ਵੱਖ ਖੇਤਰਾਂ ਦੇ ਚਾਲੀ ਵਿਗਿਆਨਕਾਂ ਦੀ ਲਿਖੀ *ਦ ਐਵਿਡੈਂਸ ਆਫ਼ ਗਾਡ ਇਨ ਐਨ ਐਕਸਪੈਂਡਿੰਗ ਯੂਨੀਵਰਸ* ਕਿਤਾਬ ਪੜ੍ਹਨ ਦਾ ਮੈਨੂੰ ਬੜਾ ਆਨੰਦ ਆਇਆ। ਮੈਨੂੰ ਇਹ ਗੱਲ ਮਜ਼ੇਦਾਰ ਲੱਗੀ ਕਿ ਉਨ੍ਹਾਂ ਵਿੱਚੋਂ ਬਹੁਤਿਆਂ ਨੇ ਖੋਜ ਦੇ ਆਪਣੇ ਵੱਖੋ ਵੱਖ ਖੇਤਰਾਂ ਨਾਲ ਇਹ ਵਿਖਾਉਣ ਲਈ ਸਬੂਤਾਂ ਦੀ ਵਰਤੋਂ ਕੀਤੀ ਕਿ ਇਹ ਸੰਸਾਰ ''ਘਟਦਾ'' ਜਾ ਰਿਹਾ ਹੈ। ਇਸ ਦੀ ਤੁਲਨਾ ਆਪਣੇ ਆਪ ਨੂੰ ਸਾੜ ਕੇ ਤਬਾਹ ਕਰਨ ਵਾਲੀ ਅੱਗ ਨਾਲ

ਉਸ ਘਟਦੀ ਪਰਤ ਨਾਲ ਕਰਨ ਨਾਲ ਹੋਰ ਕਈ ਉਦਾਹਰਣਾਂ ਦਿੱਤੀਆਂ ਗਈਆਂ। ਤੁਸੀਂ ਇਸ ਨੂੰ ਕਿਵੇਂ ਵੀ ਲਵੋ, ਪਰ ਦੋ ਸੱਚਾਈਆਂ ਸਾਫ਼ ਹਨ: (1) ਇਹ ਦੁਨੀਆਂ ਸਦਾ ਤਕ ਰਹਿਣ ਵਾਲੀ *ਨਹੀਂ* ਹੈ, ਅਤੇ (2) ਕਦੇ ਨਾ ਕਦੇ ਇਸ ਦੀ *ਸ਼ੁਰੂਆਤ* ਹੋਈ ਸੀ।[2]

ਸਿਫ਼ਰ ਤੋਂ ਕੁਝ ਨਹੀਂ ਨਿੱਕਲ ਸਕਦਾ, ਇਸ ਲਈ ਇਹ ਸਾਨੂੰ ਫੇਰ ਓਸੇ ਸ਼ਕਤੀ ਵੱਲ ਲੈ ਆਉਂਦਾ ਹੈ ਜਿਹੜੀ ਸੰਸਾਰ ਦਾ ਗਿਆਨ ਦੇਣ ਲਈ ਕਾਫ਼ੀ ਹੈ। ਇਹ ਜ਼ਰੂਰ ਹੀ ਸਦਾ ਤੋਂ ਸਦਾ ਤਕ ਰਹਿਣ ਵਾਲਾ ਮਨ ਹੈ-ਦੂਜੇ ਸ਼ਬਦਾਂ ਵਿਚ ਉਹ ਖ਼ੁਦਾ ਹੈ।


ਆਪਣੇ ਆਲੇ ਦੁਆਲੇ ਝਾਤੀ ਮਾਰੋ। ਜਿਸ ਘਰ ਵਿਚ ਤੁਸੀਂ ਰਹਿੰਦੇ ਹੋ ਭਲਾ ਉਹ ਆਪੇ ਹੀ ਹੋਂਦ ਵਿਚ ਆ ਗਿਆ? ਇਬਰਾਨੀਆਂ 3:4 ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਾਉਂਦਾ ਹੈ: ''ਹਰੇਕ ਘਰ ਤਾਂ ਕਿਸੇ ਨਾ ਕਿਸੇ ਦਾ ਬਣਾਇਆ ਹੁੰਦਾ ਹੈ ਪਰ ਜਿਹਨੇ ਸੱਭੋ ਕੁਝ ਬਣਾਇਆ ਉਹ ਪ੍ਰਮੇਸ਼ਵਰ ਹੈ।''[3]

## ਇਹ ਵਿਸ਼ਵਾਸ ਕਰਨਾ ਤਰਕਸੰਗਤ ਹੈ ਕਿ ਪ੍ਰਮੇਸ਼ਵਰ ਨੇ ਸਭ ਕੁਝ ਬਣਾਇਆ

ਅਸੀਂ ਸਪਸ਼ਟ ਨਿਸ਼ਾਨਾਂ ਵੱਲ ਧਿਆਨ ਦੁਆਉਂਦੇ ਆ ਰਹੇ ਹਾਂ ਕਿ ਇਸ ਸੰਸਾਰ ਨੂੰ ਤਰਤੀਬ ਵਿਚ ਇਹ ਵਿਖਾਉਣ ਲਈ ਬਣਾਇਆ ਗਿਆ ਹੈ ਕਿ ਇਹ ਵਿਸ਼ਵਾਸ ਕਰਨਾ ਤਰਕਸੰਗਤ ਹੈ ਕਿ ਇਸ ਦਾ ਕੋਈ *ਬਣਾਉਣ ਵਾਲਾ* ਹੈ। ਆਓ ਹੁਣ ਵਿਚਾਰ ਨੂੰ ਬਦਲ ਕੇ ਦੂਜੇ ਪਾਸਿਓਂ ਵੇਖਦੇ ਹਾਂ: ਇਸ ਬਣਾਉਣ ਵਾਲੇ ਨੇ ਹੀ ਸੰਸਾਰ ਨੂੰ *ਬਣਾਇਆ*। ਇਹ ਆਪੇ ਹੀ ਨਹੀਂ ਬਣ ਗਿਆ। ਇਸ ਨੂੰ ਬਣਾਇਆ ਗਿਆ ਸੀ ਅਰਥਾਤ ਇਸ ਦੀ ਤਰਤੀਬ ਦਿੱਤੀ ਗਈ ਅਤੇ ਇਸ ਦਾ ਡਿਜ਼ਾਈਨ ਬਣਾਇਆ ਗਿਆ ਸੀ।

ਆਓ ਗੱਲ ਦੀ ਤਹਿ ਵਿਚ ਜਾਂਦੇ ਹਾਂ। ਕਿਉਂਕਿ ਇਹ ਵਿਸ਼ਵਾਸ ਕਰਨਾ ਤਰਕਸੰਗਤ ਹੈ ਕਿ ਪ੍ਰਮੇਸ਼ਵਰ ਨੇ ਸਭ ਕੁਝ ਬਣਾਇਆ, ਇਸ ਲਈ *ਇਹ ਵਿਸ਼ਵਾਸ ਕਰਨਾ ਵੀ ਤਰਕਸੰਗਤ ਹੈ ਕਿ ਪ੍ਰਮੇਸ਼ਵਰ ਨੇ ਮਨੁੱਖ ਨੂੰ ਬਣਾਇਆ*-ਅਤੇ ਇਹ ਕਿ ਪ੍ਰਮੇਸ਼ਵਰ ਨੇ *ਤੁਹਾਨੂੰ* ਅਤੇ ਮੈਨੂੰ ਬਣਾਇਆ ਹੈ।

ਕੁਝ ਦੇਰ ਪਹਿਲਾਂ ਪਿਰਾਮਿਡ ਦੀ ਗੱਲ ਕਰਦਿਆਂ ਮੈਂ ਇਨ੍ਹਾਂ ''ਸਬੂਤਾਂ'' ਨੂੰ ਮਨੁੱਖ ਉੱਤੇ ਲਾਗੂ ਨਹੀਂ ਕੀਤਾ ਸੀ। ਪਰ ਇੱਥੇ ਮੈਂ ਮਨੁੱਖ ਨੂੰ ਸਭ ਤੋਂ ਵਧੀਆ ਉਦਾਹਰਣ ਮੰਨਦਾ ਹਾਂ।




ਕੁਝ ਪਲ ਲਈ ਆਪਣੇ ਆਪ ਵੱਲ ਧਿਆਨ ਕਰੋ। ਮਨੁੱਖ ਦੀ ਦੇਹ ਵਰਗੀ ਕੋਈ ਵੀ ਮਸ਼ੀਨ ਨਹੀਂ ਹੈ। ਇਹਦੇ ਹੱਥ ਵਰਗਾ ਕੋਈ ਵੀ ਮਸ਼ੀਨੀ ਔਜ਼ਾਰ ਨਹੀਂ ਹੈ।[4] ਇਹਦੀ ਅੱਖ ਵਰਗਾ ਕੋਈ ਕੈਮਰਾ ਨਹੀਂ ਹੈ। ਇਹਦੇ ਦਿਲ ਵਰਗਾ ਕੋਈ ਪੰਪ ਨਹੀਂ ਹੈ। ਆਪਣੇ ਆਪ ਠੰਡਾ

ਹੋਣ ਵਾਲੀ, ਆਪਣੇ ਆਪ ਚੰਗਾ ਹੋਣ ਵਾਲੀ ਇਹਦੀ ਚਮੜੀ ਵਰਗਾ ਕੋਈ ਪ੍ਰਬੰਧ ਨਹੀਂ ਹੈ। ਇਹਦੇ ਅੰਦਰਲੇ ਅੰਗਾਂ ਵਰਗੀ ਕੋਈ ਫ਼ੈਕਟਰੀ ਨਹੀਂ ਹੈ। ਦਾਊਦ ਦੇ ਸ਼ਬਦਾਂ ਵਿਚ ਅਸੀਂ ਮੰਨਦੇ ਹਾਂ, ''ਮੈਂ ਭਿਆਨਕ ਅਤੇ ਅਚਰਜ ਰੀਤੀ ਨਾਲ ਬਣਾਇਆ ਗਿਆ ਹਾਂ'' (ਜ਼ਬੂਰਾਂ ਦੀ ਪੋਥੀ 139:14)।

ਇਨਸਾਨ ਦੇ ਦਿਮਾਗ਼ ਨੂੰ ਹੀ ਇਕ ਉਦਾਹਰਣ ਦੇ ਤੌਰ ਤੇ ਲੈ ਲਓ। ਅੱਜ ਅਸੀਂ ਕੰਪਿਊਟਰ ਦੇ ਯੁੱਗ ਵਿਚ ਰਹਿੰਦੇ ਹਾਂ; ਪਰ ਜੇ ਐਨਾ ਵੱਡਾ ਕੰਪਿਊਟਰ ਬਣਾ ਸਕੋ ਜਿਹੜਾ ਦੁਨੀਆਂ ਦੇ ਸਭ ਤੋਂ ਵੱਡੇ ਸ਼ਹਿਰ ਦੀ ਗਗਨ ਚੁੰਬੀ ਇਮਾਰਤ ਨੂੰ ਆਪਣੇ ਆਪ ਵਿਚ ਸਮਾ ਸਕੇ, ਤਾਂ ਵੀ ਉਹ ਉਸ ਸ਼ਕਤੀ, ਹੁਨਰ ਜਾਂ ਸਿਰਜਣ ਸ਼ਕਤੀ ਦੀ ਬਰਾਬਰੀ ਨਹੀਂ ਕਰ ਸਕਦਾ ਜਿਹੜੀ ਇਕ ਛੋਟੇ ਬੱਚੇ ਦੇ ਦਿਮਾਗ਼ ਵਿਚ ਹੈ।

ਵਿਕਾਸਵਾਦ ਦੀ ਸਿੱਖਿਆ ਦੇ ਅਨੁਸਾਰ ਅਸੀਂ ਜੀਵਨ ਦੇ ਹੇਠਲੇ ਰੂਪਾਂ ਤੋਂ ਵਿਕਸਿਤ ਹੋਏ ਹਾਂ। ਉਸ ਸਿੱਖਿਆ ਦੇ ਅਨੁਸਾਰ ਸਿਰਫ਼ ਸਾਡੇ ਦਿਮਾਗ਼ ਹੀ ਵਿਕਸਿਤ ਹੋਏ ਹਨ ਕਿਉਂਕਿ ਅਸੀਂ ਐਨੇ ਮਜ਼ਬੂਤ, ਐਨੇ ਸਮਝਦਾਰ, ਤੇਜ਼ ਅਤੇ ਵੱਡੇ ਨਹੀਂ ਸਾਂ ਕਿ ਅਸੀਂ ਦੂਜੇ ਪਸ਼ੂਆਂ ਨਾਲ ਇਨ੍ਹਾਂ ਮੰਜ਼ਿਲਾਂ ਤੇ ਮੁਕਾਬਲਾ ਕਰ ਸਕਦੇ। ਪਰ ਹਕੀਕਤ ਇਹ ਹੈ ਕਿ ਜਿੰਨੀ ਸ਼ਕਤੀ ਸਾਡੇ ਦਿਮਾਗ਼ ਵਿਚ ਹੈ ਅਸੀਂ ਅਜੇ ਉਹਦਾ *ਭੋਰਾ* ਕੁ ਹੀ ਵਿਕਸਿਤ ਕੀਤਾ ਹੈ। ਮਨੁੱਖ ਦੀ ਤਰੱਕੀ ਨੂੰ ਕਿਸੇ ਤਰ੍ਹਾਂ ਦੀ ''ਬਚਾਉ'' ਦੀ ਕੋਈ ਸਿੱਖਿਆ ਨਹੀਂ ਹੈ। ਦੋ ਟੁੱਕ ਗੱਲ ਇਹ ਹੈ ਕਿ ਪ੍ਰਮੇਸ਼ਵਰ ਨੇ ਸਾਨੂੰ ਦਿਮਾਗ਼ ਦਿੱਤਾ ਹੈ; ਵਿਚਾਰਵਾਨ ਜੀਵ ਨੇ ਸਾਨੂੰ ਵਿਚਾਰਵਾਨ ਜੀਵ ਹੋਣ ਲਈ ਬਣਾਇਆ ਹੈ।

ਮੈਂ ਫੇਰ ਕਹਿੰਦਾ ਹਾਂ: ਇਹ ਵਿਸ਼ਵਾਸ ਕਰਨਾ ਤਰਕਸੰਗਤ ਹੈ ਕਿ ਪ੍ਰਮੇਸ਼ਵਰ ਨੇ ਮਨੁੱਖ ਨੂੰ ਬਣਾਇਆ। ਇਹ ਵਿਸ਼ਵਾਸ ਕਰਨਾ ਹੋਰ ਵੀ ਤਰਕਸੰਗਤ ਹੈ ਕਿ ਸਾਨੂੰ ਬਾਂਦਰ ਵਰਗੇ ਕਿਸੇ ਪੁਰਖੇ ਜੀਵ ਦੇ ਰੂਪ ਵਿਚ ਨਹੀਂ ਸਗੋਂ ਪ੍ਰਮੇਸ਼ਵਰ ਦੇ ਸਰੂਪ ਤੇ ਬਣਾਇਆ ਗਿਆ (ਉਤਪਤ 1:26)!

## ਇਹ ਵਿਸ਼ਵਾਸ ਕਰਨਾ ਤਰਕਸੰਗਤ ਹੈ ਕਿ ਪ੍ਰਮੇਸ਼ਵਰ ਨੇ ਮਨੁੱਖ ਨੂੰ ਪ੍ਰਕਾਸ਼ ਦਿੱਤਾ

ਜੇ ਪ੍ਰਮੇਸ਼ਵਰ ਨੇ ਸੰਸਾਰ ਨੂੰ ਬਣਾਇਆ ਹੈ ਤਾਂ ਇਹ ਤਰਕਸੰਗਤ ਹੈ ਕਿ ਉਹ ਮਨੁੱਖ ਨੂੰ ਇਹ ਗਿਆਨ ਦੇਵੇ ਕਿ ਉਹ ਕਿੱਥੋਂ ਆਇਆ, ਇੱਥੇ ਕਿਉਂ ਹੈ ਅਤੇ ਜ਼ਿੰਦਗੀ ਕੀ ਹੈ।

ਕਲਪਨਾ ਕਰੋ ਕਿ ਤੁਸੀਂ ਇਕ ਦਿਨ ਘਰ ਆਉਂਦੇ ਹੋ ਅਤੇ ਤੁਹਾਡੇ ਸਾਹਮਣੇ ਦੇ ਬਗ਼ੀਚੇ ਵਿਚ ਇਕ ਬਹੁਤ ਵੱਡੀ, ਚਮਕਦਾਰ ਮਸ਼ੀਨ ਦਾ ਇਕ ਟੋਟਾ ਮਿਲਦਾ ਹੈ। ਇਹ ਪੇਚੀਦਾ ਟੁਕੜਾ ਬੜੀ ਖ਼ੂਬਸੂਰਤੀ ਨਾਲ ਅਤਿ ਆਧੁਨਿਕ ਖੋਜਾਂ ਨਾਲ ਬਣਿਆ ਹੈ; ਜ਼ਾਹਰ ਹੈ ਕਿ ਇਸ ਦਾ ਡਿਜ਼ਾਈਨ ਕਿਸੇ ਬਹੁਤ ਖ਼ਾਸ ਕੰਮ ਲਈ ਬਣਾਇਆ ਗਿਆ ਹੈ। ਪਰ ਇਸ ਦੇ ਮਕਸਦ ਦਾ ਕੁਝ ਥਹੁ-ਪਤਾ ਨਹੀਂ ਹੈ, ਇਸ ਨੂੰ ਚਲਾਉਣ ਦੀ ਜਾਣਕਾਰੀ ਕਿਤੇ ਨਹੀਂ ਲਿਖੀ, ਮਸ਼ੀਨ ਤੇ ਕੁਝ ਨਹੀਂ ਲਿਖਿਆ ਹੈ। ਮੰਨ ਲਓ ਕਿ ਤੁਹਾਨੂੰ ਕਦੇ ਵੀ ਪਤਾ ਨਹੀਂ ਚੱਲਦਾ ਕਿ ਇਹ ਸਮਾਨ ਕਾਹਦੇ ਲਈ ਬਣਿਆ ਸੀ। ਦੋ ਸਿੱਟਿਆਂ ਵਿੱਚੋਂ ਸ਼ਾਇਦ ਤੁਸੀਂ ਇਕ ਤੇ ਪਹੁੰਚੋਗੇ ਕਿ (1) ਜਾਂ ਤਾਂ ਬਣਾਉਣ ਵਾਲਾ ਆਪਣਾ ਮਕਸਦ ਦੱਸਣ ਤੋਂ ਪਹਿਲਾਂ ਮਰ ਗਿਆ, ਜਾਂ (2) ਇਸ ਨੂੰ ਬਣਾਉਣ ਵਾਲਾ ਪਾਗਲ ਸੀ।

ਆਪਣੇ ਆਲੇ-ਦੁਆਲੇ ਦੇ ਸੰਸਾਰ ਨੂੰ ਵੇਖ ਕੇ ਜੋ ਕਿ ਮਨੁੱਖਾਂ ਦੀ ਬਣਾਈ ਕਿਸੇ ਵੀ ਮਸ਼ੀਨ ਨਾਲੋਂ ਵੱਧ ਉਲਝਣ ਭਰਿਆ ਅਤੇ ਪੇਚੀਦਾ ਹੈ, ਅਸੀਂ ਇਹ ਨਿਚੋੜ ਕੱਢ ਸਕਦੇ ਹਾਂ ਕਿ ਜੇ ਇਸ ਨੂੰ ਬਣਾਉਣ ਵਾਲੇ ਨੇ ਸਾਨੂੰ ਦੱਸਣ ਲਈ ਸਾਡੇ ਤਕ ਇਹ ਸੰਦੇਸ਼ ਨਹੀਂ ਪਹੁੰਚਾਇਆ ਕਿ ਜ਼ਿੰਦਗੀ ਕੀ ਹੈ ਤਾਂ ਜਾਂ ਤਾਂ ਉਹ ਮਰ ਚੁਕਿਆ ਹੈ ਜਾਂ ਫਿਰ ਪਾਗਲ ਹੈ। ਖ਼ੁਦਾ ਇਨ੍ਹਾਂ ਦੋਹਾਂ ਵਿੱਚੋਂ ਇਕ ਵੀ ਨਹੀਂ ਹੈ। ਇਸ ਕਰਕੇ ਅਸੀਂ ਇਹ ਨਿਚੋੜ ਕੱਢਦੇ ਹਾਂ ਕਿ ਉਸ ਨੇ ਸਾਨੂੰ ਇਸ ਬਾਰੇ ਦੱਸਿਆ ਹੈ। ਇਬਰਾਨੀਆਂ 1:1, 2 ਦੇ ਮੁੱਖ ਸ਼ਬਦ ਬਿਲਕੁਲ ਤਰਕਸੰਗਤ ਹਨ: ''ਪ੍ਰਮੇਸ਼ਵਰ ਨੇ ... ਗੱਲ ਕੀਤੀ ...।''

ਜੇ ਪ੍ਰਮੇਸ਼ਵਰ ਨੇ ਦੱਸਿਆ ਹੈ ਜਾਂ ਸਾਡੇ ਨਾਲ ਗੱਲਬਾਤ ਕੀਤੀ ਹੈ ਤਾਂ ਇਹਦਾ ਮਤਲਬ ਹੋਇਆ ਕਿ ਕੋਈ ਮਾਪਦੰਡ ਹੈ ਭਾਵ ਕੁਝ ਗੱਲਾਂ ਸਹੀ ਜਾਂ ਗਲਤ ਹਨ। ਮਨੁੱਖ ਆਪ ਮਾਪਦੰਡ ਨਹੀਂ ਹੈ। ਬਾਈਬਲ ਕਹਿੰਦੀ ਹੈ ਕਿ ''ਆਦਮੀ ਦਾ ਰਾਹ ਉਹਦੇ ਵੱਸ ਵਿਚ ਨਹੀਂ ਹੈ, ਇਹ ਮਨੁੱਖ ਦੇ ਵੱਸ ਨਹੀਂ ਕਿ ਤੁਰਨ ਲਈ ਆਪਣੇ ਕਦਮਾਂ ਨੂੰ ਕਾਇਮ ਕਰੇ'' (ਯਿਰਮਿਯਾਹ 10:23)।

ਸੰਚਾਰ ਕੀ ਹੈ? ਵੱਖ-ਵੱਖ ਕਿਤਾਬਾਂ ਅੱਜ ਕਿਸੇ ਉੱਚ ਸ਼ਕਤੀ ਦੀ ਪ੍ਰੇਰਨਾ ਨਾਲ ਲਿਖੇ ਹੋਣ ਦਾ ਦਾਅਵਾ ਕਰਦੀਆਂ ਹਨ, ਪਰ ਹਰ ਕਿਤਾਬ ਵੱਖ-ਵੱਖ ਵਿਸ਼ਿਆਂ ਤੇ ਦੂਜਿਆਂ ਦਾ ਵਿਰੋਧ ਕਰਦੀ ਹੈ। ਸਾਨੂੰ ਪ੍ਰਮੇਸ਼ਵਰ ਦੇ ਇਲਹਾਮ (ਪ੍ਰਕਾਸ਼ ਜਾਂ ਮੁਕਾਸ਼ਫ਼ੇ) ਤੇ ਧਿਆਨ ਦੇਣਾ ਚਾਹੀਦਾ ਹੈ। ਆਓ ਇਸ ਵਿਚਾਰ ਨੂੰ ਇਕ ਕਦਮ ਹੋਰ ਵਧਾਉਂਦੇ ਹਾਂ: *ਇਹ ਵਿਸ਼ਵਾਸ ਕਰਨਾ ਤਰਕਸੰਗਤ ਹੈ ਕਿ ਮਨੁੱਖ ਨੂੰ ਦਿੱਤਾ ਪ੍ਰਮੇਸ਼ਵਰ ਦਾ ਇਲਹਾਮ ਜਾਂ ਮੁਕਾਸ਼ਫ਼ਾ* ਬਾਈਬਲ ਹੈ।

ਏਕਤਾ, ਪੁਰਾਤਨਤਾ, ਆਧੁਨਿਕਤਾ, ਇਤਿਹਾਸਕ ਅਤੇ ਭੂਗੋਲਿਕ ਦਰੁਸਤੀ, ਨਿਰਪੱਖਤਾ, ਪ੍ਰਭਾਵ, ਅਵਿਨਾਸ਼ੀ ਹੋਣਾ, ਪੂਰੀ ਹੋਈ ਭਵਿੱਖਬਾਣੀ ਅਤੇ ਹੋਰ ਸਬੂਤ ਬਾਈਬਲ ਦੇ ਪ੍ਰਮੇਸ਼ਵਰ ਦੀ ਪ੍ਰੇਰਨਾ ਨਾਲ ਲਿਖੇ ਹੋਣ ਬਾਰੇ ਦੱਸਦੇ ਹਨ। ਇਸ ਤੇ ਵਿਚਾਰ ਕਰੋ: ਜੇ ਪ੍ਰਮੇਸ਼ਵਰ ਨੇ ਸੰਸਾਰ ਨੂੰ ਬਣਾਇਆ, ਮਨੁੱਖ ਨੂੰ ਸੰਸਾਰ ਵਿਚ ਰੱਖਿਆ, ਅਤੇ ਫਿਰ ਮਨੁੱਖ ਨੂੰ ਆਪਣਾ ਮੁਕਾਸ਼ਫ਼ਾ ਜਾਂ ਪ੍ਰਕਾਸ਼ ਦਿੱਤਾ, ਤਾਂ ਭਲਾ ਇਹ ਤਰਕਸੰਗਤ ਨਹੀਂ ਹੈ ਕਿ *ਦਿੱਤਾ ਹੋਇਆ ਇਲਹਾਮ ਉਹੀ ਹੋਵੇਗਾ ਜਿਹੜਾ ਮਨੁੱਖ ਲਈ ਪ੍ਰਮੇਸ਼ਵਰ ਦੇ ਸੰਸਾਰ ਵਿਚ ਜੀਉਣ ਵਾਸਤੇ ਹੋਵੇ?*[5]

ਪੂਰੀ ਦੁਨੀਆਂ ਵੱਲ ਨਜ਼ਰ ਦੌੜਾਓ। ਉਨ੍ਹਾਂ ਦੇਸ਼ਾਂ ਦੀ ਪਛਾਣ ਕਰੋ ਜਿੱਥੇ ਮਨੁੱਖ ਨੇ ਬਹੁਤ ਤਰੱਕੀ ਕੀਤੀ ਹੈ, ਜਿੱਥੇ ਮਨੁੱਖ ਦੀਆਂ ਜ਼ਿਆਦਾਤਰ ਲੋੜਾਂ ਪੂਰੀਆਂ ਹੋ ਚੁਕੀਆਂ ਹਨ, ਮਨੁੱਖੀ ਜੀਵਨ ਦੀ ਬੜੀ ਕਦਰ ਹੈ ਅਤੇ ਉਹ ਸੁਰੱਖਿਅਤ ਹੈ। ਤੁਸੀਂ ਵੇਖੋਗੇ ਕਿ ਭਾਵੇਂ ਅਤੀਤ ਵਿਚ ਹੀ ਹੋਵੇ ਬਾਈਬਲ ਨੇ ਉਨ੍ਹਾਂ ਦੇਸ਼ਾਂ ਨੂੰ ਸਭ ਤੋਂ ਵੱਧ ਪ੍ਰਭਾਵਤ ਕੀਤਾ ਸੀ।[6]

ਪੌਲੁਸ ਦੀਆਂ ਗੱਲਾਂ ਸਾਰੀ ਦੁਨੀਆਂ ਵਿਚ ਸੱਚ ਸਾਬਤ ਹੋ ਚੁਕੀਆਂ ਹਨ ਕਿ ''ਸਾਰੀ ਲਿਖਤ ਪ੍ਰਮੇਸ਼ਵਰ ਦੇ ਆਤਮਾ ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ। ਭਈ *ਪ੍ਰਮੇਸ਼ਵਰ* ਦਾ ਬੰਦਾ ਕਾਬਲ ਅਤੇ ਹਰੇਕ ਭਲੇ ਕੰਮ ਲਈ ਤਿਆਰ ਕੀਤਾ ਹੋਇਆ ਹੋਵੇ'' (2 ਤਿਮੋਥਿਅਸ 3:16, 17)।

ਬਾਈਬਲ ਆਪਣੇ ਆਪ ਵਿਚ ਹੀ ਇਸ ਗੱਲ ਦਾ ਸਬੂਤ ਹੈ ਕਿ ਇਹ ਪ੍ਰਮੇਸ਼ਵਰ ਦੀ ਪ੍ਰੇਰਨਾ ਨਾਲ ਲਿਖੀ ਗਈ ਹੈ। ਜੇ ਤੁਹਾਨੂੰ ਇਹ ਯਕੀਨ ਕਰਨ ਵਿਚ ਕੋਈ ਦਿੱਕਤ ਹੈ ਕਿ ਬਾਈਬਲ ਪ੍ਰਮੇਸ਼ਵਰ ਵੱਲੋਂ ਹੈ ਤਾਂ ਮੇਰਾ ਸੁਝਾਅ ਹੈ ਕਿ ਤੁਸੀਂ ਖ਼ੁਦ ਇਸ ਨੂੰ ਪੜ੍ਹੋ ਅਤੇ ਆਪ ਇਸ ਬਾਰੇ ਜਾਣੋ। ਪੌਲੁਸ ਨੇ ਕਿਹਾ ਹੈ, ''ਪ੍ਰਤੀਤ ਸੁਣਨ ਨਾਲ ਅਤੇ ਸੁਣਨਾ ਮਸੀਹ ਦੇ ਵਚਨ

ਤੋਂ ਆਉਂਦਾ ਹੈ'' (ਰੋਮੀਆਂ 10:17)।

ਬਾਈਬਲ *ਬਾਰੇ* ਅਸੀਂ ਬਹੁਤ ਸਾਰੀਆਂ ਗੱਲਾਂ ਕਰ ਸਕਦੇ ਹਾਂ, ਪਰ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਬਾਈਬਲ *ਸ਼ਕਤੀਸਾਲੀ* ਹੈ। ਇਹ ਪ੍ਰਮੇਸ਼ਵਰ ਦਾ ''ਜੀਉਂਦਾ ਅਤੇ ਗੁਣਕਾਰ ਅਤੇ ਹਰੇਕ ਦੋ ਧਾਰੀ ਤਲਵਾਰ ਨਾਲੋਂ ਤਿੱਖਾ'' ਵਚਨ ਹੈ (ਇਬਰਾਨੀਆਂ 4:12)। ਇਸ ਨੇ ਲੋਕਾਂ ਦੀਆਂ ਜ਼ਿੰਦਗੀਆਂ, ਦੇਸ਼ਾਂ ਅਤੇ ਇਤਿਹਾਸ ਦੇ ਵਹਾਅ ਨੂੰ ਬਦਲ ਦਿੱਤਾ ਹੈ।

ਜੇ ਤੁਸੀਂ ਬਾਈਬਲ ਦੇ ਪ੍ਰਮੇਸ਼ਵਰ ਵੱਲੋਂ ਹੋਣ ਦਾ ਸੱਚਮੁੱਚ ਇਹ ਆਖ਼ਰੀ ਸਬੂਤ ਚਾਹੁੰਦੇ ਹੋ ਤਾਂ ਆਪਣੀ ਜ਼ਿੰਦਗੀ ਵਿਚ ਇਸ ਨੂੰ ਆਉਣ ਦਾ ਮੌਕਾ ਦਿਓ। ਇਸ ਨੂੰ *ਪੜ੍ਹੋ।* ਇਸ ਦਾ *ਅਧਿਐਨ ਕਰੋ।* (ਮੇਰੇ ਕਹਿਣ ਤੋਂ ਭਾਵ ਹੈ ਕਿ ਸੱਚਮੁੱਚ ਇਸ ਦਾ ਅਧਿਐਨ ਕਰੋ।) ਇਸ ਨੂੰ ਆਪਣੀ ਜ਼ਿੰਦਗੀ ਵਿਚ ਅਪਣਾਉ। ਤੁਸੀਂ ਵੇਖੋਗੇ ਕਿ ਜਿਵੇਂ ਜੇ.ਬੀ. ਫ਼ਿਲਿਪਸ ਨੇ ਕਿਹਾ ਹੈ ਕਿ ਇਸ ਵਿਚ ''ਸੱਚਾਈ ਦਾ ਘੇਰਾ'' ਹੈ!

## ਇਹ ਵਿਸ਼ਵਾਸ ਕਰਨਾ ਤਰਕਸੰਗਤ ਹੈ ਕਿ ਪ੍ਰਮੇਸ਼ਵਰ ਮਨੁੱਖ ਨਾਲ ਪਿਆਰ ਕਰਦਾ ਹੈ ਅਤੇ ਉਹਦੀ ਮਦਦ ਦਾ ਚਾਹਵਾਨ ਹੈ

ਆਪਣੇ ਆਲੇ ਦੁਆਲੇ ਦੇ ਸੰਸਾਰ ਨੂੰ ਵੇਖ ਕੇ ਅਸੀਂ ਇਸ ਗੱਲ ਤੋਂ ਪ੍ਰਭਾਵਤ ਹੋਏ ਬਗੈਰ ਨਹੀਂ ਰਹਿ ਸਕਦੇ ਕਿ ਪ੍ਰਮੇਸ਼ਵਰ ਇਕ *ਵਿਅਕਤੀਗਤ* ਪ੍ਰਮੇਸ਼ਵਰ ਹੈ, ਜਿਸ ਨੂੰ ਸਾਡੀ ਹਰ ਲੋੜ ਦਾ ਧਿਆਨ ਹੈ। ਭਾਵੇਂ ਮੈਂ ਇਸ ਨੂੰ ਪੂਰੀ ਤਰ੍ਹਾਂ ਨਾਲ ਨਹੀਂ ਸਮਝ ਸਕਦਾ ਪਰ ਇਹ ਸਾਫ਼ ਹੈ ਕਿ ਪ੍ਰਮੇਸ਼ਵਰ ਮੈਨੂੰ *ਪਿਆਰ ਕਰਦਾ* ਹੈ।

ਪ੍ਰਮੇਸ਼ਵਰ ਇਸ ਸੰਸਾਰ ਨੂੰ ਸਿਰਫ਼ ਸਰੀਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਹੀ ਬਣਾ ਸਕਦਾ ਸੀ, ਪਰ ਉਹਨੇ ਇਸ ਨੂੰ ਅਜਿਹਾ ਨਹੀਂ ਬਣਾਇਆ। ਉਸ ਨੇ ਇਸ ਨੂੰ ਖ਼ੂਬਸੂਰਤ ਬਣਾਇਆ ਹੈ। ਉਸ ਨੇ ਫੁੱਲ ਬਣਾਏ ਹਨ। ਉਸ ਨੇ ਰੰਗ-ਬਿਰੰਗੇ ਪੰਛੀ ਬਣਾਏ ਹਨ। ਜੋ ਕੁਝ ਵੀ ਉਸ ਨੇ ਬਣਾਇਆ ਹੈ ਉਹ ''ਬਹੁਤ ਹੀ ਚੰਗਾ'' (ਉਤਪਤ 1:31) ਸੀ।

ਬਾਗ-ਏ-ਅਦਨ ਵਿਚ ਪ੍ਰਮੇਸ਼ਵਰ ਨੇ ਹਰ ਰੁੱਖ ਰੱਖਿਆ ਸੀ ਜਿਹੜਾ (1) ''ਵੇਖਣ ਵਿਚ ਸੁੰਦਰ'' ਅਤੇ (2) ''ਖਾਣ ਵਿਚ ਚੰਗਾ'' (ਉਤਪਤ 2:9) ਸੀ। ਆਦਮੀ ਲਈ ਇਕ ''ਉਹਦੇ ਵਰਗੀ ਮਦਦਗਾਰ'' ਬਣਾਉਣ ਲੱਗਿਆਂ ਉਹ ਉਸ ਨੂੰ ਮਾਸ ਦਾ ਇਕ ਲੋਥੜਾ ਵੀ ਬਣਾ ਸਕਦਾ ਸੀ ਜੋ ਸਿਰਫ਼ ਬੱਚੇ ਹੀ ਪੈਦਾ ਕਰਨ ਦੇ ਯੋਗ ਹੁੰਦਾ। ਪਰ ਇਹਦੇ ਉਲਟ ਉਸ ਨੇ ਆਦਮੀ ਦੀ ਜ਼ਿੰਦਗੀ ਦੀ ਸ਼ਾਨ ਵਧਾਉਣ ਲਈ ਇਕ ਖ਼ੂਸਬਸੂਰਤ ਪ੍ਰਾਣੀ ਬਣਾਇਆ।

ਆਦਮੀ ਦੀਆਂ ਲੋੜਾਂ ਤੇ ਵਿਚਾਰ ਕਰਦਿਆਂ ਅਖ਼ੀਰ ਅਸੀਂ ਸਦਾਚਾਰੀ ਅਤੇ ਰੂਹਾਨੀ ਲੋੜਾਂ ਤੇ ਆ ਜਾਂਦੇ ਹਾਂ। ਭਲਾ ਹਰ ਮਨੁੱਖ ਵਿਚ ਕਦੇ ਨਾ ਕਦੇ ਰੂਹਾਨੀ ਕਮੀ ਨਹੀਂ ਹੁੰਦੀ? ਭਲਾ ਕੋਈ ਦਾਅਵੇ ਨਾਲ ਇਹ ਕਹਿ ਸਕਦਾ ਹੈ ਕਿ ਉਹ ਪ੍ਰਮੇਸ਼ਵਰ ਦੇ ਮਾਪਦੰਡਾਂ ਤੋਂ ਡਿੱਗਿਆ ਨਹੀਂ? ਭਲਾ ਹਰ ਬੰਦਾ ਕਦੇ ਨਾ ਕਦੇ ਆਪਣੇ ਆਪ ਨੂੰ ਲਚਾਰ ਨਹੀਂ ਸਮਝਦਾ ਅਤੇ ਆਪਣੇ ਤੋਂ ਕਿਸੇ ਵੱਡੇ ਦੀ ਲੋੜ ਮਹਿਸੂਸ ਨਹੀਂ ਕਰਦਾ? ਬਾਈਬਲ ਕਹਿੰਦੀ ਹੈ ਕਿ ਇਹ ਇਸ ਲਈ ਹੈ ਕਿਉਂਕਿ ''ਸਭਨਾਂ ਨੇ ਪਾਪ ਕੀਤਾ ਅਤੇ ਪ੍ਰਮੇਸ਼ਵਰ ਦੇ ਪ੍ਰਤਾਪ ਤੋਂ ਰਹਿ ਗਏ ਹਨ'' (ਰੋਮੀਆਂ 3:23)।

ਫਿਰ ਤਾਂ, ਪ੍ਰਮੇਸ਼ਵਰ ਦੇ ਪ੍ਰੇਮ ਅਤੇ ਧਿਆਨ ਰੱਖਣ ਨੂੰ ਜਾਣਦਿਆਂ ਉਨ੍ਹਾਂ ਰੂਹਾਨੀ ਇੰਤਜ਼ਾਮਾਂ ਨੂੰ ਪੜ੍ਹ ਕੇ ਜਿਹੜੇ ਪ੍ਰਮੇਸ਼ਵਰ ਨੇ ਸਾਡੇ ਲਈ ਕੀਤੇ ਹਨ ਸਾਨੂੰ ਕੋਈ ਹੈਰਾਨੀ ਨਹੀਂ

ਹੁੰਦੀ। ਉਹਨੇ ਆਪ ਆਪਣੇ ਪੁੱਤਰ ਯਿਸੂ ਵਿਚ ਹੋ ਕੇ ਪਾਪ ਦੀ ਸਜ਼ਾ ਆਪਣੇ ਉੱਤੇ ਲੈ ਲਈ ਅਤੇ ਯਿਸੂ ਦੇ ਰਾਹੀਂ ਲਗਾਤਾਰ ਰੂਹਾਨੀ ਮਦਦ ਦੇਣ ਦਾ ਇੰਤਜ਼ਾਮ ਕੀਤਾ ਹੈ। ਮੈਂ ਤਾਂ ਆਖਦਾ ਹਾਂ ਕਿ ਪ੍ਰਮੇਸ਼ਵਰ ਦੇ ਪਿਆਰ ਨੂੰ ਧਿਆਨ ਵਿਚ ਰੱਖਦਿਆਂ ਇਸ ਤਰ੍ਹਾਂ ਦੇ ਬਾਈਬਲ ਦੇ ਹਵਾਲੇ ਬਹੁਤ ਹੀ ਉਪਯੋਗੀ ਹਨ:

> ਕਿਉਂਕਿ ਪ੍ਰਮੇਸ਼ਵਰ ਨੇ ਜਗਤ ਨਾਲ ਅਜਿਹਾ ਪਿਆਰ ਕੀਤਾ ਜੋ ਉਹ ਨੇ ਆਪਣਾ ਇਕਲੌਤਾ ਪੁੱਤਰ ਬਖ਼ਸ਼ ਦਿੱਤਾ ਤਾਂ ਜੋ ਹਰੇਕ ਜੋ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ (ਯੂਹੰਨਾ 3:16)।

> ... ਮਸੀਹ ਪੁਸਤਕਾਂ ਦੇ ਅਨੁਸਾਰ ਸਾਡਿਆਂ ਪਾਪਾਂ ਦੇ ਕਾਰਨ ਮੋਇਆ। ਅਤੇ ਇਹ ਕਿ ਦੱਬਿਆ ਗਿਆ ਅਤੇ ਇਹ ਕਿ ਪੁਸਤਕਾਂ ਦੇ ਅਨੁਸਾਰ ਤੀਜੇ ਦਿਹਾੜੇ ਜੀ ਉੱਠਿਆ (1 ਕੁਰਿੰਥੀਆਂ 15:3, 4)।

> ਸੋ ਜਦੋਂ ਸਾਡਾ ਇਕ ਮਹਾਂ ਪਰਧਾਨ ਜਾਜਕ ਹੈ ਜਿਹੜਾ ਅਕਾਸ਼ਾਂ ਤੋਂ ਪਾਰ ਲੰਘ ਗਿਆ ਅਰਥਾਤ ਪ੍ਰਮੇਸ਼ਵਰ ਦਾ ਪੁੱਤਰ ਯਿਸੂ ... ਇਸ ਲਈ ਆਓ, ਅਸੀਂ ਕਿਰਪਾ ਦੇ ਸਿੰਘਾਸਣ ਦੇ ਅੱਗੇ ਦਿਲੇਰੀ ਨਾਲ ਚੱਲੀਏ ਭਈ ਅਸੀਂ ਦਿਆ ਪਰਾਪਤ ਕਰੀਏ ਅਤੇ ਉਹ ਕਿਰਪਾ ਪਾਈਏ ਜੋ ਵੇਲੇ ਸਿਰ ਸਾਡੀ ਸਹਾਇਤਾ ਕਰੇ (ਇਬਰਾਨੀਆਂ 4:14-16)।

## ਇਹ ਵਿਸ਼ਵਾਸ ਕਰਨਾ ਤਰਕਸੰਗਤ ਹੈ ਕਿ ਪ੍ਰਮੇਸ਼ਵਰ ਸਾਥੋਂ ਜਵਾਬ ਚਾਹੁੰਦਾ ਹੈ

ਭਾਵੇਂ ਪ੍ਰਮੇਸ਼ਵਰ ਨੇ ਸਾਡੀ ਰੂਹਾਨੀ ਭਲਾਈ ਲਈ ਇੰਤਜ਼ਾਮ ਕੀਤਾ ਹੈ, ਪਰ ਉਹਨੇ ਸਾਨੂੰ ਰੋਬੋਟ ਵਾਂਗ ਨਹੀਂ ਬਣਾਇਆ। ਉਹਨੇ ਸਾਨੂੰ ਹੁਕਮ ਮੰਨਣ ਦੀਆਂ ਹਦਾਇਤਾਂ ਦਿੱਤੀਆਂ ਹਨ, ਪਰ ਨਾਲ ਹੀ ਆਪਣੀ ਪਸੰਦ ਚੁਣਨ ਦੀ ਅਜ਼ਾਦੀ ਵੀ ਦਿੱਤੀ ਹੈ। ਉਹਨੇ ਸਾਨੂੰ ਅਜ਼ਾਦ ਨੈਤਿਕ ਕੰਮ ਕਰਨ ਵਾਲਾ ਬਣਾਇਆ ਹੈ; ਸਾਨੂੰ ਆਪਣੀ ਪਸੰਦ ਚੁਣਨ ਦਾ ਹੱਕ ਦਿੱਤਾ ਹੈ। ਅਸੀਂ ਚਾਹੀਏ ਤਾਂ ਵਿਸ਼ਵਾਸ ਕਰੀਏ ਚਾਹੀਏ ਤਾਂ ਨਾ। ਅਸੀਂ ਹੁਕਮ ਮੰਨ ਸਕਦੇ ਹਾਂ ਅਤੇ ਨਹੀਂ ਵੀ। ਅਸੀਂ ਪਿਆਰ ਕਰ ਸਕਦੇ ਹਾਂ ਅਤੇ ਨਫ਼ਰਤ ਵੀ।

ਪ੍ਰਮੇਸ਼ਵਰ ਨੇ ਸਾਨੂੰ ਸਬੂਤ ਦਿੱਤਾ ਹੈ ਕਿ ਵਿਸ਼ਵਾਸ ਕਿਸ ਅਧਾਰ ਤੇ ਹੋਣਾ ਚਾਹੀਦਾ ਹੈ। ਉਸ ਨੇ ਅਣਗਿਣਤ ਢੰਗਾਂ ਨਾਲ ਆਪਣੇ ਪਿਆਰ ਨੂੰ ਜ਼ਾਹਰ ਕੀਤਾ ਹੈ। ਭਲਾ ਇਹ ਸਹੀ ਨਹੀਂ ਹੈ ਕਿ ਉਹ ਸਾਥੋਂ *ਵਿਸ਼ਵਾਸ, ਹੁਕਮ ਮੰਨਣ* ਅਤੇ *ਪਿਆਰ* ਦੇ ਜਵਾਬ ਦੀ ਇੱਛਾ ਕਰੇ?

- *ਵਿਸ਼ਵਾਸ:* ਇਬਰਾਨੀਆਂ 11:6 ਕਹਿੰਦਾ ਹੈ, ''ਅਤੇ ਨਿਹਚਾ ਬਾਝੋਂ ਉਹ ਦੇ ਮਨ ਨੂੰ ਭਾਉਣਾ ਅਨਹੋਣਾ ਹੈ ਕਿਉਂਕਿ ਜਿਹੜਾ ਪ੍ਰਮੇਸ਼ਵਰ ਦੀ ਵੱਲ ਆਉਂਦਾ ਹੈ ਉਹਨੂੰ ਪਰਤੀਤ ਕਰਨੀ ਚਾਹੀਦੀ ਹੈ ਭਈ ਉਹ ਹੈ ਨਾਲੇ ਇਹ ਭਈ ਉਹ ਆਪਣਿਆਂ ਤਾਲਿਬਾਂ ਦਾ ਫਲਦਾਤਾ ਹੈ।''
- *ਹੁਕਮ ਮੰਨਣਾ:* ਇਬਰਾਨੀਆਂ 5:9 ਕਹਿੰਦਾ ਹੈ ਕਿ ''ਉਹ ਸਿੱਧ ਹੋ ਕੇ ਉਨ੍ਹਾਂ

ਸਭਨਾਂ ਦੀ ਜਿਹੜੇ ਉਹਦੇ ਆਗਿਆਕਾਰ ਹਨ ਸਦਾ ਦੀ ਗਤੀ ਦਾ ਕਾਰਨ ਹੋਇਆ'' (ਇਬਰਾਨੀਆਂ 5:9)।

- *ਪਿਆਰ:* 1 ਯੂਹੰਨਾ 4:8 ਕਹਿੰਦਾ ਹੈ ਕਿ ''ਜਿਹੜਾ ਪ੍ਰੇਮ ਨਹੀਂ ਕਰਦਾ ਉਹ ਪ੍ਰਮੇਸ਼ਵਰ ਨੂੰ ਨਹੀਂ ਜਾਣਦਾ ਕਿਉਂ ਜੋ ਪ੍ਰਮੇਸ਼ਵਰ ਪ੍ਰੇਮ ਹੈ।''

ਪ੍ਰਮੇਸ਼ਵਰ ਨੇ ਸਾਨੂੰ ਰੋਬੋਟ ਵਾਂਗ ਨਹੀਂ ਬਣਾਇਆ ਹੈ, ਕਿਉਂਕਿ ਰੋਬੋਟਾਂ ਦਾ ਜਵਾਬ ਮਸ਼ੀਨੀ, ਸਵੈਚਾਲਿਤ, ਕਿਸੇ ਕੰਮ ਦਾ ਨਹੀਂ ਹੈ। ਇਹਦੇ ਉਲਟ, ਅਜ਼ਾਦ ਇੱਛਾ ਰੱਖਣ ਵਾਲਿਆਂ ਦੇ ਜਵਾਬ ਦੀ ਅਹਿਮੀਅਤ ਹੈ।

ਉਸ ਸਭ ਤੇ ਜੋ ਪ੍ਰਮੇਸ਼ਵਰ ਨੇ ਸਾਡੇ ਲਈ ਕੀਤਾ ਹੈ ਧਿਆਨ ਕਰੀਏ ਤਾਂ ਇਹ ਤਰਕਸੰਗਤ ਹੈ ਕਿ ਉਹ ਸਾਥੋਂ ਗਲਾਤੀਆਂ 5:6 ਵਿਚ ਦਿੱਤੇ ਸੰਖੇਪ ਉੱਤੇ ''ਨਿਹਚਾ ਤੋਂ ... ਪ੍ਰੇਮ ਦੇ ਰਾਹੀਂ ਗੁਣਕਾਰ ਹੁੰਦੀ ਹੈ'' ਦੀ ਇੱਛਾ ਅਤੇ ਉਮੀਦ ਕਰੇ।

ਇਸ ਚਰਚਾ ਨੂੰ ਹੋਰ ਵਧਾਇਆ ਜਾ ਸਕਦਾ ਸੀ, ਕਿਉਂਕਿ ਜੋ ਜਵਾਬ ਪ੍ਰਮੇਸ਼ਵਰ ਚਾਹੁੰਦਾ ਹੈ, ਸਾਫ਼ ਹੈ ਕਿ ਨਵੇਂ ਨੇਮ ਵਿਚ ਉਸ ਦੀ ਭਰਪੂਰ ਜਾਣਕਾਰੀ ਹੈ। ਫਿਰ ਵੀ, ਹੁਣ ਲਈ ਆਓ ਆਪਣੇ ਵਿਚਾਰ ਦੀ ਰੇਖਾ ਦੀ ਇਕ ਆਖ਼ਰੀ ''ਕੁੰਡੀ'' ਨਾਲ ਇਸ ਅਧਿਐਨ ਨੂੰ ਸਮਾਪਤ ਕਰਦੇ ਹਾਂ।

## ਇਹ ਵਿਸ਼ਵਾਸ ਕਰਨਾ ਤਰਕਸੰਗਤ ਹੈ ਕਿ ਪ੍ਰਮੇਸ਼ਵਰ ਇਕ ਦਿਨ ਮਨੁੱਖ ਨੂੰ ਹਿਸਾਬ ਦੇਣ ਲਈ ਬੁਲਾਏਗਾ

ਸਾਡੇ ਆਲੇ-ਦੁਆਲੇ ਵਿਚ ਹਰ ਜਗ੍ਹਾ ਇਹ ਸੰਕੇਤ ਮਿਲਦੇ ਹਨ ਕਿ ਜ਼ਿੰਦਗੀ ਇਵੇਂ ਹੀ ਨਹੀਂ ਰਹੇਗੀ। ਹਰ ਇਨਸਾਨ ਇਸ ਗੱਲ ਤੋਂ ਕੁਦਰਤੀ ਤੌਰ ਤੇ ਵਾਕਫ਼ ਹੈ ਕਿ ਉਹ ਨਾਸ਼ਵਾਨ ਹੈ। ਜੋ ਲੋਕ ਸੱਚੇ ਪ੍ਰਮੇਸ਼ਵਰ ਤੋਂ ਬਹੁਤ ਦੂਰ ਹਨ, ਉਨ੍ਹਾਂ ਦੇ ਮਨ ਵਿਚ ਵੀ ਜ਼ਿੰਦਗੀ ਦੇ ਬਾਅਦ ਦੀ ਕੋਈ ਧਾਰਣਾ ਜ਼ਰੂਰ ਰਹਿੰਦੀ ਹੈ।[7]

ਉਸ ਜ਼ਿੰਦਗੀ ਦੇ ਆਉਣ ਬਾਰੇ ਇਹ ਵਿਸ਼ਵਾਸ ਕਰਨਾ ਤਰਕਸੰਗਤ ਹੈ ਕਿ ਪ੍ਰਮੇਸ਼ਵਰ ਸਾਨੂੰ ਉਨ੍ਹਾਂ ਬਰਕਤਾਂ, ਮੌਕਿਆਂ ਅਤੇ ਚੁਣੌਤੀਆਂ ਦਾ ਹਿਸਾਬ ਦੇਣ ਲਈ ਬੁਲਾਏਗਾ ਜੋ ਸਾਨੂੰ ਇਸ ਜ਼ਿੰਦਗੀ ਵਿਚ ਦਿੱਤੀਆਂ ਗਈਆਂ ਅਤੇ ਅਸੀਂ ਉਨ੍ਹਾਂ ਦੀ ਵਰਤੋਂ ਕਿਵੇਂ ਕੀਤੀ। ਸਾਨੂੰ ਦੱਸਿਆ ਗਿਆ ਹੈ, ''ਫਿਰ ਇੱਥੇ ਮੁਖ਼ਤਿਆਰਾਂ ਵਿਚ ਇਹ ਚਾਹੀਦਾ ਹੈ ਕਿ ਉਹ ਮਾਤਬਰ ਹੋਣ'' (1 ਕੁਰਿੰਥੀਆਂ 4:2)।

ਹਿਸਾਬ ਦੇਣ ਦੇ ਉਸ ਸਮੇਂ ਨੂੰ ਬਾਈਬਲ ਵਿਚ ''ਕਿਆਮਤ ਦਾ ਦਿਨ'' ਜਾਂ ਨਿਆਂ ਦਾ ਦਿਨ ਕਿਹਾ ਗਿਆ ਹੈ। ਇਬਰਾਨੀਆਂ 9:27 ਵਿਚ ਕਿਹਾ ਗਿਆ ਹੈ ਕਿ ''ਮਨੁੱਖਾਂ ਲਈ ਇਕ ਵਾਰ ਮਰਨਾ ਠਹਿਰਾਇਆ ਹੋਇਆ ਹੈ ਅਤੇ ਉਹ ਦੇ ਪਿੱਛੋਂ ਨਿਆਉਂ ਹੁੰਦਾ ਹੈ।''

ਮੇਰਾ ਯਕੀਨ ਹੈ ਕਿ ਨਿਆਉਂ ਦੀ ਧਾਰਨਾ ਤਰਕਸੰਗਤ ਹੈ। ਇਸ ਜ਼ਿੰਦਗੀ ਵਿਚ ਬਹੁਤ ਵਾਰ ''ਕਿਤਾਬਾਂ ਵਿਚ ਹਿਸਾਬ ਸਹੀ ਨਹੀਂ ਹੁੰਦਾ।'' ਦੁਸ਼ਟ ਲੋਕ ਆਮ ਤੌਰ ਤੇ ਕਾਮਯਾਬ ਹੋ ਜਾਂਦੇ ਹਨ ਅਤੇ ਭਲੇ ਮਾਨਸ ਸਤਾਏ ਜਾਂਦੇ ਹਨ। ਮੁਜਰਮ ਛੁੱਟ ਜਾਂਦੇ ਹਨ, ਜਦ ਕਿ ਬੇਦੋਸ਼ੇ ਫ਼ਸ ਜਾਂਦੇ ਹਨ। ਯਕੀਨਨ ਹੀ, ਜੇ ਪ੍ਰਮੇਸ਼ਵਰ ਹੈ ਤਾਂ ਇਹ ਤਰਕਸੰਗਤ ਹੈ ਕਿ ਇਕ ਦਿਨ ਸਭ ਗਲਤੀਆਂ ਸੁਧਾਰੀਆਂ ਜਾਣਗੀਆਂ ਅਤੇ ਆਂਕੜੇ ਨਿਆਂਪੂਰਵਕ ਢੰਗ ਨਾਲ ਦਰੁਸਤ ਕੀਤੇ

ਜਾਣਗੇ।

ਇਹਦਾ ਮਤਲਬ ਇਹ ਹੈ ਕਿ ਇਕ ਦਿਨ *ਤੁਹਾਨੂੰ* ਪ੍ਰਮੇਸ਼ਵਰ ਦੇ ਸਾਹਮਣੇ ਉਸ ਸਮੇਂ ਖਲੋਣਾ ਪਵੇਗਾ ਜਦ ''ਸਾਡੇ ਵਿੱਚੋਂ ਹਰੇਕ ਨੇ ਪ੍ਰਮੇਸ਼ਵਰ ਨੂੰ ਆਪੋ ਆਪਣਾ ਲੇਖਾ ਦੇਣਾ ਹੈ'' (ਰੋਮੀਆਂ 14:12)।

## ਸਾਰ

ਵਿਚਾਰ ਦੀ ਸਾਡੀ ਜ਼ੰਜੀਰ ਵਿਚ ''ਕੁੰਡੇ'' ਇਸ ਤਰ੍ਹਾਂ ਹਨ: ਇਹ ਵਿਸ਼ਵਾਸ ਕਰਨਾ ਤਰਕਸੰਗਤ ਹੈ ਕਿ ...

- ਪ੍ਰਮੇਸ਼ਵਰ ਹੈ।
- ਉਸ ਨੇ ਸਭ ਕੁਝ ਬਣਾਇਆ, ਖ਼ਾਸ ਕਰਕੇ ਮਨੁੱਖ ਨੂੰ।
- ਉਸ ਨੇ ਮਨੁੱਖ ਨੂੰ ਇਕ ਇਲਹਾਮ ਜਾਂ ਪ੍ਰਕਾਸ਼ ਦਿੱਤਾ ਹੈ ਅਤੇ ਉਹ ਇਲਹਾਮ ਬਾਈਬਲ ਹੈ।
- ਉਹ ਮਨੁੱਖ ਨਾਲ ਪਿਆਰ ਕਰਦਾ ਹੈ ਅਤੇ ਉਹਦੀ ਮਦਦ ਕਰਦਾ ਹੈ-ਮਸੀਹ ਦੇ ਰਾਹੀਂ *ਰੂਹਾਨੀ* ਤੌਰ ਤੇ।
- ਉਹ ਇਕ ਜਵਾਬ ਦੀ ਇੱਛਾ ਰੱਖਦਾ ਅਤੇ ਉਮੀਦ ਕਰਦਾ ਹੈ।
- ਅਖੀਰ ਵਿਚ ਮਨੁੱਖ ਨੂੰ ਇਸ ਸਭ ਦਾ ਹਿਸਾਬ ਦੇਣ ਲਈ ਬੁਲਾਇਆ ਜਾਵੇਗਾ ਕਿ ਉਸ ਨੇ ਸਰੀਰਕ ਅਤੇ ਆਤਮਿਕ ਬਰਕਤਾਂ ਦੇ ਮੌਕਿਆਂ ਦੀ ਵਰਤੋਂ ਕਿਵੇਂ ਕੀਤੀ।

*ਤੁਸੀਂ* ਉਸ ਦਿਨ ਦੀ ਤਿਆਰੀ ਲਈ ਹਾਲ ਹੀ ਵਿਚ ਕੀ ਕੀਤਾ ਹੈ?

ਇਸ ਪਾਠ ਨੂੰ ਖ਼ਤਮ ਕਰਦਿਆਂ ਆਓ ਯਿਸੂ ਦੇ ਸਵਾਲ ''ਜਦ ਮਨੁੱਖ ਦਾ ਪੁੱਤਰ ਆਵੇਗਾ ਤਦ ਕੀ ਉਹ ਧਰਤੀ ਉੱਤੇ ਨਿਹਚਾ ਪਾਵੇਗਾ?'' ਤੇ ਵਾਪਸ ਆਉਂਦੇ ਹਾਂ। ਇਸ ਸਵਾਲ ਨੂੰ ਹੋਰ ਵਿਅਕਤੀਗਤ ਬਣਾਉਂਦੇ ਹਾਂ: ''ਮਨੁੱਖ ਦਾ ਪੁੱਤਰ ਜਦ ਆਵੇਗਾ, ਤਦ ਕੀ ਉਹ *ਤੁਹਾਡੇ* ਵਿਚ ਨਿਹਚਾ ਪਾਵੇਗਾ?'' ਆਖ਼ਰ ਇਹ ਤੁਹਾਨੂੰ ਕੀਤੇ ਗਏ ਸਵਾਲ ਦਾ ਸਭ ਤੋਂ ਅਹਿਮ ਪਹਿਲੂ ਹੈ।

ਤੁਸੀਂ ਆਪਣੇ ਆਪ ਨੂੰ ਉਸ ਆਦਮੀ ਦੇ ਰੂਪ ਵਿਚ ਵੇਖ ਸਕਦੇ ਹੋ ਜਿਹੜਾ ਪੁਕਾਰ ਉੱਠਿਆ ਸੀ, ''ਮੈਂ ਪ੍ਰਤੀਤ ਕਰਦਾ ਹਾਂ, ਤੁਸੀਂ ਮੇਰੀ ਬੇਪਰਤੀਤੀ ਦਾ ਉਪਾਉ ਕਰੋ'' (ਮਰਕੁਸ 9:24)। ਜੇ ਤੁਹਾਡੇ ਵਿਚ ਵਿਸ਼ਵਾਸ ਦੀ ਘਾਟ ਹੈ, ਤਾਂ ਇਹ ਸਿਰਫ਼ ਸਿਧਾਂਤਕ ਹੈ, ਜਾਂ ਪ੍ਰਭੂ ਨੂੰ ਆਪਣੀ ਜ਼ਿੰਦਗੀ ਪੂਰੀ ਤਰ੍ਹਾਂ ਨਾਲ ਸਮਰਪਤ ਕਰਨ ਵਿਚ ਕਿਸੇ ਤਰ੍ਹਾਂ ਰੁਕਾਵਟ ਬਣਦੀ ਹੈ, ਤਾਂ ਮੇਰੀ ਸਲਾਹ ਹੈ ਕਿ ਬਾਈਬਲ ਪੜ੍ਹੋ, ਇਸ ਦਾ ਅਧਿਐਨ ਕਰੋ, ਇਸ ਦੀ ਗੱਲ ਮੰਨੋ, ਤਾਂ ਜੋ ਜਦ ਪ੍ਰਭੂ ਆਵੇ ਤਾਂ ਉਹ ਤੁਹਾਨੂੰ ਵਿਸ਼ਵਾਸ ਵਿਚ ਪਾਵੇ ਜੋ ਪ੍ਰੇਮ ਦੇ ਰਾਹੀਂ ਗੁਣਕਾਰ ਹੈ!

ਟਿੱਪਣੀਆਂ

[1]ਸਾਡੇ ਸੰਸਾਰ ਦੀ ਤਰਤੀਬ ਅਤੇ ਡਿਜ਼ਾਈਨ *ਮੁੱਖ ਤੌਰ ਤੇ* ਇੱਕੋ ਹੈ। ਸਾਨੂੰ ਤਾਂ ''ਬੁਰਾਈ ਦੀ ਮੁਸ਼ਕਲ'' ਨਾਲ ਹੀ ਦੋ-ਚਾਰ ਹੋਣਾ ਪੈਂਦਾ ਹੈ, ਪਰ ਬੇਵਿਸ਼ਵਾਸੇ ਲਈ ਇਸ ਨਾਲੋਂ ਵੀ ਵੱਡੀ ਚੁਣੌਤੀ ਹੈ ਕਿ ਉਹ ''ਭਲਾਈ ਦੀ ਚੁਣੌਤੀ'' ਦਾ ਵੀ ਜਵਾਬ ਦੇਵੇ। [2]ਮੈਨੂੰ ਅਹਿਸਾਸ ਹੈ ਕਿ ਆਪਣੇ ਆਪ ਨੂੰ ਨਵਿਆਉਂਦੇ ਰਹਿਣ ਦੀ ਇਕ ਸੰਸਾਰ ਦੀ ''ਕਾਲ-ਚੱਕਰ'' ਦੀ ਥਿਊਰੀ ਹੈ, ਪਰ ਹੁਣ ਇਸ ਥਿਊਰੀ ਨੂੰ ਜੋ ਵਿਗਿਆਨ ਦੇ ਤੱਥਾਂ ਦੇ ਉਲਟ ਹੈ, ਹਮਾਇਤ ਨਹੀਂ ਹੈ। [3]ਸਮਾਂ ਵਿਚਾਰ ਦੀ ਇਸ ਦਿਲਖਿਚਵੀਂ ਰੇਖਾ ਵਿਚ ਗਹਿਰਾਈ ਨਾਲ ਚਰਚਾ ਕਰਨ ਦੀ ਇਜਾਜ਼ਤ ਨਹੀਂ ਦਿੰਦਾ। *ਦ ਐਵਿਡੈਂਸ ਆਫ਼ ਗਾਡ* ਦੇ ਇਕ ਲੇਖਕ ਨੇ ਟਿੱਪਣੀ ਕੀਤੀ ਹੈ ਕਿ ਸਭ ਕੁਝ ਬਣਾਇਆ ਗਿਆ ਹੈ, ਸਾਡੀ ਸਮਝ ਵਿਚ ਕੁਦਰਤੀ ਹੀ ਆ ਜਾਂਦਾ ਹੈ, ਸਾਨੂੰ ਸਿਖਾਉਣ ਦੀ ਲੋੜ ਨਹੀਂ ਪੈਂਦੀ। ਹਰ ਬੱਚੇ ਦੇ ਮਨ ਵਿਚ ਸਵਾਲ ਹੁੰਦਾ ਹੈ ਕਿ ''ਉਹ ਕਿੱਥੋਂ ਆਇਆ? ਉਸ ਨੂੰ ਕਿਸ ਨੇ ਬਣਾਇਆ?'' [4]ਹਾਲ ਹੀ ਵਿਚ ਮੈਂ ਇਕ ਟੈਲੀਵਿਜ਼ਨ ਪ੍ਰੋਗਰਾਮ ਵੇਖਿਆ ਜਿਸ ਵਿਚ ਲੱਖਾਂ ਡਾਲਰ ਕੀਮਤ ਦਾ ਇਕ ਆਲਾ ਵਿਖਾਇਆ ਗਿਆ ਸੀ। ਇਸ ਨੂੰ ਚਲਾਉਣ ਲਈ ਸਿਖਲਾਈ ਅਤੇ ਕਾਫੀ ਤਜ਼ਰਬੇ ਦੀ ਲੋੜ ਸੀ, ਜਦ ਕਿ ਇਸ ਦਾ ਸਿਰਫ਼ ਇੱਕੋ ਮਕਸਦ ਸੀ: ਰੇਡਿਓ-ਐਕਟਿਵ ਸਮਾਨ ਦੇ ਨਾਜ਼ੁਕ ਡੱਬਿਆਂ ਨੂੰ ਚੁੱਕ ਕੇ ਲਿਜਾਣਾ। ਦੂਜੇ ਸ਼ਬਦਾਂ ਵਿਚ ਇਹ ਮਨੁੱਖੀ ਹੱਥਾਂ ਦੇ ਗੁਣਾਂ ਵਿੱਚੋਂ ਇਕ ਨੂੰ ਪੂਰਾ ਕਰ ਸਕਦਾ ਸੀ। [5]ਬਾਈਬਲ ਸਾਨੂੰ ਦੱਸਦੀ ਹੈ ਕਿ ਇਹ ਸੰਸਾਰ ਸਿਰਫ਼ ਅਨੰਤਕਾਲ ਦੇ ਰਾਹ ਵਿਚ ਆਉਣ ਵਾਲਾ ਰੈਣ-ਬਸੈਰਾ ਹੀ ਹੈ; ਫਿਰ ਵੀ ਇਹ ਗੱਲ ਹੈ ਕਿ ਇੱਥੇ ਰਹਿੰਦਿਆਂ ਬਾਈਬਲ ਸਾਨੂੰ ''ਭਰਪੂਰੀ ਦੀ ਜ਼ਿੰਦਗੀ'' ਦਿੰਦੀ ਹੈ। [6]ਇਨ੍ਹਾਂ ਵਿਚ ਬਹੁਤ ਸਾਰੇ ਦੇਸ਼ਾਂ ਵਿਚ ਬਾਈਬਲ ਦਾ ਜ਼ਿਆਦਾ ਪ੍ਰਭਾਵ ਨਹੀਂ ਰਿਹਾ ਹੈ। ਫਿਰ ਵੀ ਸ਼ੁਰੂਆਤੀ ਦਿਨਾਂ ਵਿਚ ਜੀਉਣ ਸਬੰਧੀ ਫ਼ਲਸਫ਼ਿਆਂ ਅਤੇ ਕੌਮੀ ਹਦਾਇਤਾਂ ਕਾਇਮ ਕਰਦਿਆਂ, ਇਹ ਗੱਲ ਲਾਗੂ ਹੁੰਦੀ ਸੀ। [7]ਉਨ੍ਹਾਂ ਬਾਰੇ ਵਿਚਾਰ ਕਰੋ, ਜੋ ਮੁਰਦਿਆਂ ਵਾਸਤੇ ਅਗਲੇ ਜੀਵਨ ਵਿਚ ਵਰਤੇ ਜਾਣ ਲਈ ਭੋਜਨ ਅਤੇ ਹੋਰ ਸਮੱਗਰੀ ਕਬਰਾਂ ਜਾਂ ਮੜ੍ਹੀਆਂ ਉੱਤੇ ਰੱਖਦੇ ਹਨ।